ਨਵੰਬਰ/ November 2023
ਸਾਲ/ Year 08
ਅੰਕ/ Edition 08
ਕੁੱਲ ਸਫੇ/ Total Page 20
Anual Subcription: 500/-
Regd Office:
1195, Ajit Nagar Moga
Pin: 142 001 (Punjab) INDIA

Estd. 2000

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com


## ਅੰਦਰ ਪੜ੍ਹੋ

ਸੰਪਾਦਕੀ... ਮਿਲਾਪ, ਪਿਆਰ, ਖੁਸ਼ੀਆਂ, ਆਪਸੀ ਭਾਈਚਾਰਕ ਸਾਂਝ ਅਤੇ ਉੱਚੀ-ਸੁੱਚੀ ਸੋਚ ਦੇ ਦੀਪ ਹਮੇਸ਼ਾ ਜਗਦੇ ਰਹਿਣ
* ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ - ਇਤਿਹਾਸਕ ਪਿਛੋਕੜ
* ਹਰੀ ਦੀਵਾਲੀ ਮਨਾਈਏ, ਖੁਸ਼ੀਆਂ ਦੇ ਦੀਪ ਜਗਾਈਏ
* ਅਖੰਡ ਸੁਹਾਗ ਦੀ ਪ੍ਰਾਥਨਾ - ਕਰਵਾ ਚੌਥ ਦੇ ਵਰਤ

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com



## ਦੇਸ਼ ਵਿਦੇਸ਼ਾਂ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ ਖੁਸ਼ੀਆਂ ਦੇ ਤਿਉਹਾਰ 'ਦੀਵਾਲੀ' ਦੀਆਂ ਲੱਖ-ਲੱਖ ਮੁਬਾਰਕਾਂ!





'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਸਲਾਨਾ ਡਾਇਰੀ 2024 ਨੂੰ ਲੋਕ ਅਰਪਣ ਕਰਦੇ ਹੋਏ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਅਤੇ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਉਨ੍ਹਾ ਦੇ ਨਾਲ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਅਤੇ ਨਾਲ ਹੋਰ ਪਤਵੰਤੇ।



# ਦਾਤਾ ਬੰਦੀ ਛੋੜ ਦਿਵਸ ਤੇ ਵਿਸ਼ੇਸ ਸਪਲੀਮੈਂਟ

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988





ਦੇਸ਼ ਵਿਦੇਸ਼ਾ ਵਿੱਚ ਵਸਦੀਆਂ ਸਮੂੰਹ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!




ਵੱਲੋਂ: ਸੰਤ ਬਾਬਾ ਰੇਸ਼ਮ ਸਿੰਘ ਜੀ

ਮੁੱਖ ਸੇਵਾਦਾਰ: ਗੁ: ਦੁੱਖ ਭੰਜਨਸਰ ਸਾਹਿਬ ਖੁਖਰਾਣਾ

ਮੋ. 98153-11318

ਜਾਰੀ ਕਰਤਾ : ਦੁੱਖ ਭੰਜਨ ਸੇਵਾ ਸੁਸਾਇਟੀ (ਰਜਿ:) ਖੁਖਰਾਣਾ



ਦੇਸ਼ਾਂ-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਬੰਦੀ ਛੋੜ ਦਿਵਸ 'ਦੀਵਾਲੀ' ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!

ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਲਾਨਾ ਬਰਸੀ

ਦੇ ਸਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 17 ਮੱਘਰ (2 ਦਸੰਬਰ) 2023 ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ।

ਸੰਤ ਬਾਬਾ ਹਾਕਮ ਸਿੰਘ ਜੀ ਦੀ ਬਰਸੀ ਦੇ ਸਬੰਧ ਵਿਚ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਦੀਵਾਲੀ ਵਾਲੇ ਦਿਨ ਸਵੇਰੇ 10 ਵਜੇ ਪੈਣਗੇ।

ਸਮੂੰਹ ਸਾਧ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਨੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ



## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਮਿਲਾਪ, ਪਿਆਰ, ਖੁਸ਼ੀਆਂ, ਆਪਸੀ ਭਾਈਚਾਰਕ ਸਾਂਝ ਅਤੇ ਉੱਚੀ-ਸੁੱਚੀ ਸੋਚ ਦੇ ਦੀਪ ਹਮੇਸ਼ਾ ਜਗਦੇ ਰਹਿਣ

ਹਰ ਸਾਲ ਦੀਵਾਲੀ ਆਉਂਦੀਂ ਹੈ ਅਤੇ ਲੰਘ ਜਾਂਦੀ ਹੈ। ਇਹ ਸਿਲਸਿਲਾ ਹਜਾਰਾਂ ਸਾਲਾਂ ਤੋਂ ਚੱਲਿਆ ਆ ਰਿਹਾ ਹੈ। ਹਰ ਸਾਲ ਦੀਵਾਲੀ ਕਿਸੇ ਲਈ ਖੁਸ਼ੀ ਭਰੀ ਹੁੰਦੀ ਹੈ ਅਤੇ ਕਿਸੇ ਲਈ ਦੁੱਖਾਂ ਭਰੀ। ਆਮ ਰੋਜਮਰਾ ਦੀ ਜਿੰਦਗੀ ਨਾਲੋਂ ਦੀਵਾਲੀ ਦੇ ਤਿਉਹਾਰ ਤੇ ਖੁਸ਼ੀਆਂ ਗਮੀਆਂ ਜਿਆਦਾ ਮਹਿਸੂਸ ਹੁੰਦੀਆਂ ਹਨ। ਹਰ ਇਨਸਾਨ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਦੀਪਾਂ ਦੇ ਇਸ ਤਿਉਹਾਰ ਦੀਵਾਲੀ ਦਾ ਨਿੱਘ ਆਪਣਿਆਂ ਦੇ ਨਾਲ ਮਨਾਇਆ ਜਾਵੇ। ਸਾਡੇ ਬੰਧਨ, ਸਾਡੇ ਰਿਸ਼ਤੇ-ਨਾਤੇ ਭਾਵੇਂ ਉਹ ਭੈਣ-ਭਰਾ ਦਾ ਹੋਵੇ, ਮਾਂ-ਬਾਪ, ਬੇਟੇ ਜਾਂ ਬੇਟੀ ਦਾ ਹੋਵੇ, ਪਿਆਰ ਦਾ ਹੋਵੇ, ਮੁਹੱਬਤ ਦਾ ਹੋਵੇ, ਇਨ੍ਹਾਂ ਵਿਚਲੇ ਨਿੱਘ ਨੂੰ ਪੂਰੀ ਤਰ੍ਹਾਂ ਮਾਨਣ ਲਈ ਸਾਡਾ ਮਨ ਉਨ੍ਹਾਂ ਨੂੰ ਸਾਡੇ ਕੋਲ ਹੋਣਾ ਲੋਚਦਾ ਹੈ। ਜੇਕਰ ਸਾਡਾ ਸੱਜਣ ਪਿਆਰਾ, ਸਾਡੇ ਭੈਣ-ਭਰਾ, ਸਾਡੇ ਪਿਆਰ ਅਤੇ ਮੁਹੱਬਤ ਦੇ ਰਿਸ਼ਤੇ ਸਾਡੇ ਕੋਲ ਹੋਣ ਤਾਂ ਦੀਵਾਲੀ ਦੀਆਂ ਖੁਸ਼ੀਆਂ ਦੁਣੀਆ ਚੌਣੀਆਂ ਹੋ ਜਾਂਦੀਆਂ ਹਨ। ਅੱਜ-ਕੱਲ੍ਹ ਜਿਆਦਾਤਰ ਸਾਡੇ ਬੱਚੇ ਪੜ੍ਹਾਈ ਕਰਨ ਲਈ ਜਾਂ ਜਿੰਦਗੀ ਦੀ ਸਫਲਤਾ ਲਈ ਵਿਦੇਸ਼ਾਂ ਵਿੱਚ ਗਏ ਹੋਏ ਹਨ। ਸਾਨੂੰ ਸਾਡੇ ਬੱਚਿਆਂ ਦੀ ਵਿਦੇਸ਼ ਵਿੱਚ ਜਾਣ ਦੀ ਖੁਸ਼ੀ ਵੀ ਹੈ ਪਰ ਉਨ੍ਹਾਂ ਦੇ ਵਿਛੋੜੇ ਦਾ ਦਰਦ ਵੀ ਹੈ। ਬੱਚਿਆਂ ਬਿਨ੍ਹਾਂ ਕਾਹਦੀਆਂ ਦੀਵਾਲੀ ਦੀਆਂ ਖੁਸ਼ੀਆਂ। ਰੱਬ ਕਰੇ ਕਿ ਕਿਸੇ ਲਈ ਵੀ ਅਜਿਹੀ ਦੀਵਾਲੀ ਕਦੇ ਨਾ ਆਵੇ, ਜਿਸ ਵਿਚ ਕਿਸੇ ਦੇ ਵਿਛੋੜੇ ਦਾ ਦਰਦ ਹੋਵੇ।

ਇਤਿਹਾਸਕ ਪਿਛੋਕੜ: ਵੈਸੇ ਦੀਵਾਲੀ ਦੇ ਤਿਉਹਾਰ ਪਿੱਛੇ ਸਾਡੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ ਹਰ ਧਰਮ ਦੇ ਲੋਕ ਆਪਣੇ-ਆਪਣੇ ਪੈਰੋਕਾਰਾਂ ਦੇ ਦੱਸੇ ਅਨੁਸਾਰ ਇਹ ਤਿਉਹਾਰ ਮਨਾਉਂਦੇ ਆ ਰਹੇ ਹਨ। ਦੀਵਾਲੀ ਦਾ ਸਬੰਧ ਪੰਜਾਬੀਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਮੌਕੇ ਤੋਂ ਹੀ ਜੁੜਿਆ ਹੋਇਆ ਹੈ ਪਰ ਇਸ ਦਾ ਵਿਸ਼ੇਸ਼ ਮਹੱਤਵ ਉਦੋਂ ਹੋਰ ਵਧਿਆ ਜਦੋਂ ਸਿੱਖਾਂ ਦੇ 6 ਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੁਗ਼ਲਾਂ ਦੀ ਕੈਦ ਤੋਂ ਮੁਕਤ ਹੋ ਕੇ ਅਤੇ 52 ਰਾਜਪੂਤ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਆਪਣੇ ਨਾਲ ਮੁਕਤ ਕਰਵਾ ਕੇ ਬਾਹਰ ਆਏ। ਇਸ ਖੁਸ਼ੀ ਵਿਚ ਲੋਕਾਂ ਨੇ ਦੀਪਮਾਲਾ ਕੀਤੀ। ਪ੍ਰਸਿੱਧ ਇਤਿਹਾਸਕਾਰ ਬਾਬਾ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਦੀਵੇ ਜਗਾਉਣ ਦੀ ਰਸਮ ਬਾਬਾ ਬੁੱਢਾ ਜੀ ਨੇ ਸ਼ੁਰੂ ਕੀਤੀ ਸੀ। ਹਿੰਦੂ ਧਰਮ ਅਨੁਸਾਰ ਇਸ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲ ਬਨਵਾਸ ਕੱਟਕੇ ਲੰਕੇਸ਼ਵਰ ਰਾਵਣ ਤੇ ਉਸਦੀ ਸੈਨਾ ਨੂੰ ਹਰਾ ਕੇ ਸੀਤਾ ਨੂੰ ਆਜ਼ਾਦ ਕਰਾ ਕੇ ਅਯੁੱਧਿਆ ਆਏ। ਉਨ੍ਹਾਂ ਦੀ ਆਮਦ ਦੀ ਖੁਸ਼ੀ ਵਿਚ ਘਰਾਂ ਦੀਆਂ ਛੱਤਾਂ ਉੱਤੇ ਦੀਵੇ ਜਗਾਏ ਗਏ। ਆਰੀਆ ਸਮਾਜ ਦੇ ਨੇਤਾ ਸਵਾਮੀ ਦਇਆ ਨੰਦ ਅਤੇ ਜੈਨੀਆਂ ਦੇ ਨੇਤਾ ਮਹਾਂਵੀਰ ਜੀ ਨੂੰ ਏਸੇ ਦਿਨ ਨਿਰਵਾਣ ਪ੍ਰਾਪਤ ਹੋਇਆ। ਵੈਸੇ ਇਹ ਤਿਉਹਾਰ ਸਰਦੀ ਰੁੱਤ ਦੇ ਆਗਮਨ ਦਾ ਵੀ ਸੂਚਕ ਹੈ।

ਸਰ੍ਹੋਂ ਦੇ ਤੇਲ ਦੇ ਦੀਵੇ: ਖੁਸ਼ੀਆਂ ਤੇ ਗਮੀਆਂ ਜਿੰਦਗੀ ਦਾ ਹਿੱਸਾ ਹਨ ਜੋ ਹਮੇਸ਼ਾ ਆਉਂਦੀਆਂ ਜਾਂਦੀਆਂ ਹੀ ਰਹਿਣਗੀਆਂ। ਇਸ ਤੋਂ ਉੱਪਰ ਉੱਠ ਕੇ ਜੇਕਰ ਦੀਵਾਲੀ ਦੇ ਤਿਉਹਾਰ ਦਾ ਵਿਸਲੇਸ਼ਨ ਕਰੀਏ ਤਾਂ ਦੀਵਾਲੀ ਸ਼ਬਦ ਦੀਪਾਵਾਲੀ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਦੀਵਿਆਂ ਦੀਆਂ ਮਾਲਾਵਾਂ ਜਾਂ ਕਤਾਰਾਂ। ਦੀਵਾਲੀ ਰੋਸ਼ਨੀਆਂ ਦਾ ਤਿਉਹਾਰ ਹੈ ਪਹਿਲਾਂ ਲੋਕ ਦੀਵਾਲੀ ਵਾਲੀ ਰਾਤ ਆਪਣੇ ਘਰਾਂ ਦੀਆਂ ਕੰਧਾਂ, ਬਨੇਰਿਆਂ ਤੇ ਗੇਟਾਂ ਉਤੇ ਦੀਵੇ, ਮੋਮਬੱਤੀਆਂ ਆਦਿ ਜਗਾਉਂਦੇ ਸਨ। ਪਰ ਪਿਛਲੇ ਕੁਝ ਸਾਲਾਂ ਤੋਂ ਚਾਈਨਾ (ਚੀਨ) ਦੀਆਂ ਬਣੀਆਂ ਲੜੀਆਂ ਨੇ ਦੀਵੇ ਤੇ ਮੋਮਬੱਤੀਆਂ ਦੀ ਹੋਂਦ ਖ਼ਤਮ ਹੀ ਕਰ ਦਿੱਤੀ ਹੈ। ਸਿਰਫ ਰਸਮ ਪੂਰੀ ਕਰਨ ਲਈ ਹੀ ਘਰਾਂ ਵਿਚ ਪੰਜ ਸੱਤ ਦੀਵੇ ਜਗਾਏ ਜਾਂਦੇ ਹਨ। ਦੀਵਾਲੀ ਵਾਲੇ ਦਿਨ ਦੀਵੇ ਰੌਸ਼ਨ ਕਰਨੇ ਜਿੱਤ ਜਾਂ ਖੁਸ਼ੀ ਦਾ ਪ੍ਰਗਟਾਵਾ ਕਰਨਾ ਹੈ। ਦੀਵੇ ਆਪ ਜਲ ਕੇ ਦੂਸਰਿਆਂ ਦਾ ਮਾਰਗ ਰੋਸ਼ਨ ਕਰਦੇ ਹਨ ਜੋ ਸਾਨੂੰ ਆਪਣਾ ਆਪ ਵਾਰ ਕੇ ਦੂਸਰਿਆਂ ਦੇ ਕੰਮ ਆਉਣ ਦੀ ਪ੍ਰੇਰਨਾ ਦਿੰਦੇ ਹਨ। ਸਰ੍ਹੋਂ ਦੇ ਤੇਲ ਦੇ ਦੀਵੇ ਨਾ ਸਿਰਫ਼ ਰੋਸ਼ਨੀ ਨੂੰ ਆਕਰਸ਼ਿਤ ਕਰਦੇ ਹਨ ਸਗੋ ਕਈ ਦੁਸ਼ਮਣ ਕੀਟ-ਪਤੰਗਿਆਂ ਨੂੰ ਵੀ ਖਤਮ ਕਰ ਦਿੰਦੇ ਹਨ।

ਦੀਵਾਲੀ ਅੰਮ੍ਰਿਤਸਰ ਦੀ: ਦੀਵਾਲੀ ਵੈਸੇ ਤਾਂ ਪੂਰੇ ਦੇਸ਼ ਵਿਚ ਮਨਾਈ ਜਾਂਦੀ ਹੈ ਪਰ ਪੰਜਾਬ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੀ ਦੀਵਾਲੀ ਦੀ ਸ਼ਾਨ ਹੀ ਵੱਖਰੀ ਹੈ। ਲੱਖਾਂ ਲੋਕ ਦੇਸ਼ਾਂ-ਵਿਦੇਸ਼ਾਂ ਤੋਂ ਇਥੇ ਦੀਵਾਲੀ ਦਾ ਤਿਉਹਾਰ ਮਨਾਉਣ ਲਈ ਆਉਂਦੇ ਹਨ। ਦੀਵਾਲੀ ਵਾਲੇ ਦਿਨ ਸ਼੍ਰੀ ਦਰਬਾਰ ਸਾਹਿਬ ਉੱਤੇ ਰੌਸ਼ਨੀ ਦੀ ਸਜਾਵਟ ਦਾ ਬੜਾ ਸੁਹਾਵਣਾ ਦ੍ਰਿਸ਼ ਹੁੰਦਾ ਹੈ। ਰਾਤ ਨੂੰ ਆਤਸ਼ਬਾਜੀ ਚਲਾਈ ਜਾਂਦੀ ਹੈ। ਆਤਸ਼ਬਾਜੀ ਵੇਖਣ ਵਾਲਿਆਂ ਦੀ ਰੌਣਕ ਇੰਨੀ ਜ਼ਿਆਦਾ ਹੁੰਦੀ ਹੈ ਕਿ ਪ੍ਰਕਰਮਾ ਵਿਚ ਖੜ੍ਹੇ ਹੋਣ ਦੀ ਥਾਂ ਨਹੀਂ ਮਿਲਦੀ। ਬਜ਼ਾਰਾਂ ਦੀ ਸਜਾਵਟ ਬੜੀ ਦਿਲ ਖਿੱਚਵੀਂ ਹੁੰਦੀ ਹੈ ਇਸੇ ਲਈ ਕਿਹਾ ਜਾਂਦਾ ਹੈ 'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।'

(ਬਾਕੀ ਸਫਾ ਨੰਬਰ 17 ਤੇ...)

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 | Year 8 | Edition 08 | Issue Date 10-11-2023

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੋਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਵਿਸ਼ੇਸ਼ ਪ੍ਰਤੀਨਿਧ (ਕੈਨੇਡਾ) : ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਰੇਵਾਲਾ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ






ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿ.ਫਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।




# ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ : ਇਤਿਹਾਸਕ ਪਿਛੋਕੜ

ਪ੍ਰਿੰ. ਸਤਿਬੀਰ ਸਿੰਘ
(ਗੁਰਪੁਰਵਾਸੀ)

ਜਹਾਂਗੀਰ ਨੂੰ ਇਕ ਅੱਖ ਨਹੀਂ ਭਾਉਂਦਾ ਸੀ ਕਿ ਸ੍ਰੀ ਅਕਾਲ ਤਖ਼ਤ ਦੀ ਸਾਜਨਾ ਗੁਰੂ ਹਰਿਗੋਬਿੰਦ ਜੀ ਨੇ ਕਿਉਂ ਕੀਤੀ ਹੈ, ਦੋ ਤਲਵਾਰਾਂ ਕਿਉਂ ਧਾਰਨ ਕੀਤੀਆਂ ਹਨ, ਅੰਮ੍ਰਿਤਸਰ ਦੀ ਪਨਾਹ ਕਿਉਂ ਬਣਵਾਈ, ਲੋਹਗੜ੍ਹ ਕਿਉਂ ਸਿਰਜਿਆ ਅਤੇ ਤਖ਼ਤ ਤੇ ਬੈਠਣ ਵੇਲੇ ਇਹ ਹੁਕਮ ਕਿਉਂ ਜਾਰੀ ਕੀਤੇ ਕਿ – 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜੁਆਨੀ ਹੈ।'

ਪਹਿਲਾਂ ਆਦਰ ਨਾਲ ਆਗਰੇ ਬੁਲਾਇਆ ਅਤੇ ਫਿਰ ਆਗਰੇ ਪੁੱਜਣ 'ਤੇ ਹੀ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਕੇ ਗਵਾਲੀਅਰ ਬੰਦੀ ਬਣਾ ਦਿੱਤਾ ਗਿਆ। ਗਵਾਲੀਅਰ-ਕਿਲ੍ਹਾ, ਕਿਲ੍ਹਾ ਨਾ ਹੋ ਕੇ ਇਕ ਐਸੀ ਕੈਦ ਦੀ ਕੋਠੜੀ ਸੀ ਜਿੱਥੋਂ ਕੋਈ ਵਿਰਲਾ ਹੀ ਬਚ ਨਿਕਲਿਆ ਸੀ। ਪਹਿਲਾਂ ਗੁਰੂ ਜੀ ਨੂੰ ਜ਼ਹਿਰ ਭਰਿਆ ਚੋਲਾ ਪਹਿਨਾਉਣ ਦੀ ਕੋਸ਼ਿਸ਼ ਹੋਈ ਪਰ ਹਰਿਦਾਸ ਦਰੋਗਾ ਖਰੀਦਿਆ ਨਾ ਜਾ ਸਕਿਆ। ਹਰਿਦਾਸ ਨੇ ਸਗੋਂ ਗੁਰੂ ਜੀ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਬੜਾ ਮਾਰੂ ਹੱਲਾ ਦੋਖੀ ਕਰਨਾ ਚਾਹੁੰਦੇ ਹਨ। ਇਹ ਵੀ ਦਰੋਗੇ ਨੇ ਹੀ ਦੱਸਿਆ ਕਿ ਏਥੇ ਖਾਣੇ ਵਿਚ ਮਿੱਠਾ ਜ਼ਹਿਰ ਦਿੱਤਾ ਜਾਂਦਾ ਹੈ ਜਿਸ ਦੇ ਸੇਵਨ ਨਾਲ ਬੰਦਾ ਚੁੜ-ਚੁੜ ਕੇ ਮਰਦਾ ਹੈ। ਮਹਾਰਾਜ ਨੇ ਨਿਰਣਾ ਲੈ ਲਿਆ ਕਿ ਜੇਲ੍ਹ ਦਾ ਖਾਣਾ, ਖਾਣਾ ਹੀ ਨਹੀਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਅੱਠਵੇਂ ਅਧਿਆਏ ਅਨੁਸਾਰ –

**ਸ੍ਰੀ ਮੁਖ ਕਹਾ ਕਿਰਤਿ ਕਰਿ ਲਯਾਵੇ**
**ਸੋ ਭੋਜਨ ਹਮ ਕੌ ਕਰਵਾਵੋ ॥੪੮੫॥**

ਇਕ ਠਠਿਆਰ ਜੋ ਕਿ ਕਿਰਤ ਕਰਕੇ ਕਮਾਉਂਦਾ ਸੀ, ਉਸ ਦੀ ਕਮਾਈ ਨਾਲ ਤਿਆਰ ਕੀਤਾ ਪ੍ਰਸ਼ਾਦ ਗੁਰੂ ਜੀ ਖਾਂਦੇ –

**'ਜੋ ਕਿਛੁ ਰੋਜ਼ ਕਿਰਤਿ ਕਰਿ ਲਯਾਵੈ।**
**ਆਇ ਦਿਵਸੁ ਪ੍ਰਸਾਦਿ ਕਰਾਵੈ।...੪੮੮॥**

ਜੋ ਰੋਜ਼ਾਨਾ ਦਾ ਪੰਜ ਸੌ ਰੁਪਿਆ ਗੁਰੂ ਜੀ ਨੂੰ ਮਿਲਦਾ ਸੀ ਉਹ ਰਾਜਿਆਂ ਨੂੰ ਹੀ ਵੰਡ ਦਿੰਦੇ ਸਨ –

**ਰੁਪਯਾ ਪੰਜ ਸੈ ਸ਼ਾਹ ਪਠਾਵੈ। ਸ੍ਰੀ ਗੁਰੁ ਭੋਜਨੁ ਤਿਹ ਕਰਾਵੈ ॥੪੮੩॥**

**ਦੋਹਰਾ -**

**ਬੰਦੀਖਾਨੇ ਜੋ ਪਰੇ ਤਿਨ ਕੋ ਦੇਤ ਖਵਾਇ।**
**ਅੰਗੀਕਾਰ ਨ ਗੁਰ ਕਰੈਂ ਐਸੇ ਨਿੱਤ ਕਰਾਇ ॥੪੮੪॥**

ਮਹਾਰਾਜ ਦੀ ਗ੍ਰਿਫਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗ ਪਈਆਂ। ਬਾਬਾ ਬੁੱਢਾ ਜੀ ਨੇ ਅਕਾਲ ਤਖ਼ਤ ਤੋਂ ਚੌਂਕੀ ਕੱਢਣ ਦੀ ਪਿਰਤ ਪਾਈ। ਕ੍ਰਿਪਾਨਾਂ ਧਾਰ ਤੇ ਮਸ਼ਾਲਾਂ ਹੱਥ ਲੈ, ਸੰਗਤਾਂ ਸ਼ਬਦ ਪੜ੍ਹਦੀਆਂ ਦਰਬਾਰ ਸਾਹਿਬ ਦੀ ਪ੍ਰਕਰਮਾਂ ਕਰਦੀਆਂ। ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਦਹਲੀਜ਼ 'ਤੇ ਬਾਹਰੋਂ ਹੀ ਮੁੜ ਜਾਂਦੀਆਂ। ਇਹ ਦਰਸਾਉਣ ਲਈ ਕਿ ਗੁਰੂ-ਪਾਤਸ਼ਾਹ ਦੇ ਦਰਸ਼ਨ ਨਾ ਹੋਣ ਕਾਰਨ ਵਿਆਕੁਲ ਹੋਏ ਹਾਂ। ਜਦ ਗੁਰੂ ਹਰਿਗੋਬਿੰਦ ਜੀ ਵਾਪਸ ਸ੍ਰੀ ਦਰਬਾਰ ਸਾਹਿਬ ਮੁੜੇ ਤਾਂ ਇਸ ਮਰਿਯਾਦਾ ਨੂੰ ਕਾਇਮ ਰੱਖਿਆ ਗਿਆ। ਅੱਜ ਵੀ ਜਦ ਚੌਂਕੀ ਅੰਦਰਲੀ ਦਹਿਲੀਜ਼ 'ਤੇ ਪੁੱਜਦੀ ਹੈ ਤਾਂ ਬਾਬਾ ਬੁੱਢਾ ਜੀ ਅਤੇ ਚੌਂਕੀ ਸਾਹਿਬ ਦੇ ਆਦਰ ਵਜੋਂ ਦਰਬਾਰ ਸਾਹਿਬ ਲਈ ਕੀਰਤਨ ਕੁਝ ਮਿੰਟ ਰੋਕ ਦਿੱਤਾ ਜਾਂਦਾ ਹੈ। ਮਹਾਰਾਜ ਨੇ ਇਹ ਬਚਨ ਵੀ ਕੀਤਾ ਸੀ ਜੋ ਇਕ-ਮਨ-ਚਿੱਤ ਸ਼ਬਦ ਪੜ੍ਹੇਗਾ ਉਸਨੂੰ ਇਸ ਚੌਂਕੀ ਵਿਚੋਂ ਮੇਰੇ ਹੀ ਦੀਦਾਰ ਹੋਣਗੇ! ਇਹ ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਅਰਦਾਸ ਦਾ ਹਿੱਸਾ ਬਣ ਗਈਆਂ। ਪੰਜਾਬ ਵਿਚੋਂ ਕਈ ਥਾਵਾਂ ਨਗਰਾਂ ਤੋਂ ਹੋ ਕੇ ਚੌਂਕੀਆਂ ਗਵਾਲੀਅਰ ਪੁੱਜਦੀਆਂ। ਕਿਲ੍ਹੇ ਦੀ ਪ੍ਰਕਰਮਾਂ ਕਰਕੇ ਮੁੜਦੀਆਂ। ਭਾਈ ਜੇਠਾ ਜੀ ਰਾਤ ਆਗਰੇ ਦੇ ਕਿਲ੍ਹੇ ਜਾ ਕੇ ਸ਼ੇਰ ਦਾ ਰੂਪ ਧਾਰ ਕੇ ਜਹਾਂਗੀਰ ਨੂੰ ਡਰਾ ਤਕ ਆਏ ਸਨ। ਜਹਾਂਗੀਰ ਇਤਨਾ ਘਬਰਾਇਆ ਕਿ ਹਕੀਮਾਂ ਕੋਲੋਂ ਉਪਾਅ ਪੁੱਛੇ। ਵਜ਼ੀਰ ਖਾਨ ਤੇ ਮੀਆਂ ਮੀਰ ਨੇ ਜਾ ਸਮਝਾਇਆ ਕਿ ਅੱਗੇ ਗੁਰੂ ਅਰਜਨ-ਸਾਹਿਬ ਨੂੰ ਸ਼ਹੀਦ ਕਰ ਕੇ ਕਹਿਰ ਕਮਾਇਆ ਈ, ਹੁਣ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਵਿਚ ਰੱਖ ਕੇ ਨਾ ਕਮਾ –

**ਸ੍ਰੀ ਗੁਰੂ ਰੂਪ ਅਲਾਹੀ ਜਾਨ।...੫੨੧॥**

ਨੂਰ ਜਹਾਨ ਨੇ ਵੀ ਸਮਝਾਇਆ ਕਿ ਸਾਈਂ ਦੀ ਜ਼ਾਤ ਸਾਈਂ ਜੈਸੀ ਹੀ ਹੁੰਦੀ ਹੈ। ਜਹਾਂਗੀਰ ਨੇ ਇਕ ਮਨਸਬਦਾਰ ਰਾਹੀਂ ਰਿਹਾਈ ਦਾ ਹੁਕਮ ਭੇਜਿਆ। ਵਜ਼ੀਰ ਖ਼ਾਨ ਆਪੂੰ ਵੀ ਆਇਆ ਪਰ ਮਹਾਰਾਜ ਨੇ ਕਿਹਾ, ਸਾਡਾ ਮਨ ਇੱਥੇ ਵੀ ਪ੍ਰਭੂ ਨਾਲ ਹੀ ਲੱਗਾ ਹੋਇਆ ਹੈ :

**'ਕਹਾ ਗੁਰੂ ਮਨ ਲਾਗ ਅਭੇਵਾ।'**

ਪਰ ਇਤਨਾ ਜਹਾਂਗੀਰ ਨੂੰ ਆਖ ਦਿਓ ਕਿ ਅਸੀਂ ਤਦ ਹੀ ਰਿਹਾ ਹੋਵਾਂਗੇ ਜਦ ਬਾਕੀ ਬੇਦੋਸ਼ ਬੰਦੀ ਰਾਜੇ ਸਾਡੇ ਨਾਲ ਹੀ ਰਿਹਾ ਕੀਤੇ ਜਾਣਗੇ –

**ਸੁਨੋ ਵਜ਼ੀਰ ਤਬੈ ਹੌਂ ਜਾਵੋਂ।**
**ਜੋ ਬਾਂਧੇ ਸਭਿ ਜੀਵ ਛੁਡਾਵੋਂ ॥੫੩੪॥**

**ਦੋਹਰਾ -**

**ਬੰਦੀ ਨ੍ਰਿਪ ਜੇਤੇ ਪਰੇ ਸਭ ਕੋ ਪ੍ਰਥਮ ਛਡਾਇ।**
**ਕਹੋ ਬਾਤ ਇਮ ਸ਼ਾਹ ਸੌਂ ਤੌ ਤੁਮਰੇ ਪਹਿ ਆਇ ॥੫੩੫॥**

ਵਜ਼ੀਰ ਖਾਨ ਬਾਦਸ਼ਾਹ ਜਹਾਂਗੀਰ ਪਾਸ ਮੁੜ ਆਇਆ ਤੇ ਗਵਾਲੀਅਰ ਵਿਖੇ ਗੁਰੂ ਜੀ ਨਾਲ ਹੋਈ ਸਾਰੀ ਗੱਲ ਦੱਸੀ ਤਾਂ ਜਹਾਂਗੀਰ ਨੇ ਕਿਹਾ – ਸਾਰਿਆਂ ਨੂੰ ਛੱਡ ਦਿਓ ਪਰ ਗੁਰੂ ਜੀ ਦੀ ਮੇਰੇ ਨਾਲ ਮੁਲਾਕਾਤ ਜ਼ਰੂਰ ਕਰਾਵੋ –

**ਖਾਂ ਵਜ਼ੀਰ ਕੋ ਸ਼ਾਹ ਅਲਾਇ। ਛੋਰ ਬੰਦਿ ਸਭਿ ਪੀਰ**
**ਲਿਆਇ ॥੫੪੦॥**

ਕਈ ਸਾਲਾਂ ਤੋਂ ਬੰਦੀ ਵਿਚ ਦੁੱਖ ਪਾਉਂਦੇ ਰਾਜੇ ਗੁਰੂ ਜੀ ਦਾ ਪੱਲਾ ਪਕੜ ਕੇ ਰਿਹਾ ਹੋਏ। ਗੁਰੂ ਜਿਹਾ ਕੌਣ ਪਰਉਪਕਾਰੀ ਹੈ ਜਿਸ ਉਤਨਾ ਚਿਰ ਰਿਹਾ ਹੋਣਾ ਨਾ ਮੰਨਿਆ ਜਦ ਤਕ ਰਾਜੇ ਰਿਹਾ ਨਾ ਹੋਏ!

**ਬਹੁ ਬਰਸਨ ਕੋ ਨ੍ਰਿਪ ਬੰਦਿ ਪਰੇ ਤਨ**
**ਛੀਨ ਮਲੀਨ ਮਹਾਂ ਸ਼੍ਰਮ ਧਾਰੇ।**
**ਗੁਰ ਕੇ ਪਦ ਪੰਕਜ ਦੇਖਤ ਹੀ ਅਘ**
**ਓਘ ਸਭੀ ਨਰ ਕੇ ਕਟਿ ਡਾਰੇ।**
**ਸਿੰਧੁਜਰਾ ਜਸੁ ਬੰਧ ਲੀਏ ਨ੍ਰਿਪ**
**ਰਾਮ ਕੇ ਭ੍ਰਾਤ ਸੁ ਕੀਨ ਉਧਾਰੇ।**
**ਤੈਸੇ ਗੁਰੂ ਨ੍ਰਿਪ ਛੋਰ ਦੀਏ ਗੁਰ ਕੇ**
**ਸਮ ਕੌਨੁ ਕਰੇ ਉਪਕਾਰੇ ॥੫੪੬॥**

ਜਦ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਮਿਲੇ ਤਾਂ ਗੁਰੂ ਜੀ ਪਾਸ ਮਾਲਾ ਦੇਖ ਕੇ ਜਹਾਂਗੀਰ ਦੋਸਤੀ ਜਤਲਾਉਣ ਲਈ ਕਹਿਣ ਲੱਗਾ ਕਿ ਆਪਣੀ ਮਾਲਾ ਦਾ ਇਕ ਮਣਕਾ ਮੈਨੂੰ ਦਿਓ ਤਾਂ ਕਿ ਤਸਬੀ ਵਿਚ ਲਗਾ ਕੇ ਫੇਰਾਂ! ਮਹਾਰਾਜ ਨੇ ਕਿਹਾ – ਜਦ ਗੁਰੂ ਅਰਜਨ ਸਾਹਿਬ ਜੀ ਸ਼ਹੀਦ ਹੋਏ ਉਨ੍ਹਾਂ ਪਾਸ ਵੀ ਅਜਿਹੀ ਇਕ ਮਾਲਾ ਸੀ, ਚੰਦੂ ਨੇ ਪਾਸ ਹੀ ਰੱਖ ਲਈ ਹੋਵੇਗੀ!

ਜਹਾਂਗੀਰ ਨੇ ਕਿਹਾ ਕਿ ਮੈਨੂੰ ਬੜੀ ਗਲਤਫਹਿਮੀ ਪਾਈ ਗਈ। ਗੁਰੂ ਹਰਿਗੋਬਿੰਦ ਜੀ ਨੇ ਕਿਹਾ ਜੋ ਤੂੰ ਕੀਤਾ ਹੈ ਇਸ ਦਾ ਹਿਸਾਬ ਹੁਣ ਇਥੇ ਨਹੀਂ, ਦਰਗਾਹ ਹੀ ਹੋਵੇਗਾ! ਹੁਣ ਦੁਹਰਾਉਣ ਦੀ ਲੋੜ ਨਹੀਂ। ਚੁੱਪੀ ਵਿਚ ਹੀ ਭਲਾ ਹੈ –

**ਹਮਰਾ ਤੁਮ ਦਰਗਾਹੇ ਲੇਖਾ।**
**ਯਜ਼ਦਾ ਕਰੇ ਚਰਿਤ ਜਹ ਦੇਖਾ।**
**ਇਹਾ ਕਛੂ ਹਮ ਤੋਹਿ ਨ ਕਹੌਂ।**
**ਬੋਲਤ ਕਾਹਿ ਮੋਨਿ ਹ੍ਵੈ ਰਹੋ ॥੫੬੯॥**

ਆਪਣੇ ਆਪ ਨੂੰ ਨਿਰਦੋਸ਼ ਦਰਸਾਉਣ ਲਈ ਚੰਦੂ ਨੂੰ ਜਹਾਂਗੀਰ ਨੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦਾ ਬੇਟਾ ਤੇ ਇਸਤਰੀ ਵੀ ਗੁਰੂ ਜੀ ਦੇ ਹਵਾਲੇ ਕੀਤੇ। ਪਰ ਖਿਮਾ-ਦਾਤਾ ਅਤੇ ਸਾਡੇ ਲਈ ਪੂਰਨੇ ਪਾਉਣ ਵਾਲੇ ਗੁਰੂ-ਪਾਤਸ਼ਾਹ ਨੇ ਕਿਹਾ ਕਿ ਇਨ੍ਹਾਂ ਨੂੰ ਛੱਡ ਦਿਓ, ਇਨ੍ਹਾਂ ਦਾ ਕੀ ਕਸੂਰ ਹੈ?

**ਸ੍ਰੀ ਗੁਰ ਕਹਾ ਇਨੈ ਛਡ ਦੀਜੈ।**
**ਇਨ ਕੈ ਵਸਿ ਨਹਿ, ਜੋ ਗਹਿ ਲੀਜੈ ॥੫੯੫॥**

ਬਿਧੀ ਚੰਦ ਨੇ ਕਿਹਾ – ਮਹਾਰਾਜ! ਪਾਪੀ ਦੇ ਬੱਚੇ ਦਾ ਵੀ ਜਣ ਬੱਚਾ ਘਾਣ ਕਰ ਦੇਣਾ ਚਾਹੀਦਾ ਹੈ ਪਰ ਗੁਰੂ ਜੀ ਨੇ ਕਿਹਾ – ਨਹੀਂ ਬਿਧੀ ਚੰਦ! ਸੂਰਮਾ ਕਦੀ ਔਰਤ ਅਤੇ ਨਿਹੱਥੇ 'ਤੇ ਹੱਥ ਨਹੀਂ ਉਠਾਉਂਦਾ। ਵੈਰੀ ਨੂੰ ਜੰਗ ਵਿਚ ਹੀ ਮਾਰਨਾ ਫੱਬਦਾ ਹੈ। ਗੁਰ ਬਿਲਾਸ ਨੇ ਇਸ ਵਾਕ ਨੂੰ ਉਚੇਚਾ 'ਸ੍ਰੀ ਗੁਰੋ ਵਾਚ' ਕਹਿ ਕੇ ਦਰਜ ਕੀਤਾ ਹੈ। ਵਾਕ ਹੈ :

**ਜੇ ਸੂਰੇ ਬਲ ਭਾਰ ਧਰਾਵੈ।**
**ਨਾਰੀ ਪਰਿ ਨਹਿ ਵਾਰ ਕਰਾਵੈ ॥...੬੧੧॥**

ਬੰਦੀ ਰਾਜਿਆਂ ਜਿਨ੍ਹਾਂ ਨੂੰ ਗੁਰੂ ਜੀ ਨੇ ਗਵਾਲੀਅਰ ਵਿਚੋਂ ਰਿਹਾ ਕਰਵਾਇਆ, ਦੀ ਗਿਣਤੀ 'ਗੁਰਬਿਲਾਸ' ਮੁਤਾਬਿਕ ਦੋ ਸੌ ਦਸ (੨੧੦) ਸੀ। ਉਨ੍ਹਾਂ ਦੇ ਰਾਜ ਵੀ ਮੁੜਵਾ ਦਿੱਤੇ। ਗੁਰੂ ਮਹਾਰਾਜ ਨੇ ਸਭ ਰਾਜਿਆਂ ਨੂੰ ਕਿਹਾ ਕਿ ਸਭ ਦੁੱਖ ਵਾਹਿਗੁਰੂ ਨੂੰ ਵਿਸਾਰਿਆਂ ਹੀ ਆਉਂਦੇ ਹਨ। ਕਦੇ ਵਾਹਿਗੁਰੂ ਨੂੰ ਨਾ ਭੁਲਾਉਣਾ ਤੇ ਹੁਣ ਬਾਦਸ਼ਾਹ ਨਾਲ ਬਣਾਈ ਰੱਖਣਾ। ਬਗ਼ਾਵਤ ਦੀ ਨਹੀਂ ਸੋਚਣੀ। ਮਿੱਤਰਤਾ ਜਦ ਹੋ ਜਾਏ, ਫਿਰ ਅੰਤਰ ਨਹੀਂ ਰੱਖਣਾ ਚਾਹੀਦਾ –

**ਸਤਿਨਾਮ ਰਿਦੈ ਮੋ ਧਰੋ**
**ਆਗਯਾ ਸ਼ਾਹ ਕਰਾਇ ॥੬੦੧॥**

ਵਾਪਸੀ 'ਤੇ ਦਿੱਲੀ ਵਿਖੇ ਫਿਰ ਮਜਨੂੰ ਟਿੱਲੇ ਹੀ ਟਿਕਾਣਾ ਕੀਤਾ। ਸੰਗਤਾਂ ਦਰਸ਼ਨ ਕਰ, ਨਿਹਾਲ ਹੋਈਆਂ। ਮਜਨੂੰ ਨੂੰ ਧੀਰਜ ਦਿੱਤਾ।

ਚੰਦੂ ਪਕੜਿਆ ਨਾਲ ਹੀ ਆ ਰਿਹਾ ਸੀ। ਉਸ ਨੂੰ ਹਰ ਕੋਈ ਲਾਹਨਤ ਪਾਉਂਦਾ ਤੇ ਜੁੱਤੀਆਂ ਵੀ ਮਾਰਦਾ।

ਗੁਰੂ ਜੀ ਦੇ ਆਚਰਣ ਦੀ ਧਾਂਕ ਵੀ ਜਹਾਂਗੀਰ 'ਤੇ ਪਈ। ਨੂਰ ਜਹਾਨ ਦਾ ਚਿਹਰਾ ਚੰਨ ਵਾਂਗੂੰ ਚਮਕਦਾ ਸੀ। ਸ਼ਿੰਗਾਰ ਵੀ ਕੀਤੇ ਹੋਏ ਸਨ ਪਰ ਗੁਰੂ ਜੀ ਦੇ ਕ੍ਰੋੜਾਂ ਸੂਰਜ ਵਰਗੇ ਪ੍ਰਕਾਸ਼ ਸਾਹਮਣੇ ਚੰਨ ਵਿਚਾਰੇ ਦੀ ਹੋਂਦ ਕੀ ਕਰ ਸਕਦੀ ਸੀ? ਨੂਰ ਜਹਾਨ ਦੇ ਪੈਰੀਂ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਮਹਾਰਾਜ ਨੇ ਕਿਹਾ–

ਬੇਟੀ! ਜੇ ਸਦਾ ਕਾਇਮ ਰਹਿਣ ਵਾਲੇ ਅਲਾਹ ਦੀ ਯਾਦ ਨਾ ਵਿਸਰਨ ਵਾਲਾ ਸ਼ਿੰਗਾਰ ਕਰ ਲਵੇਂ ਤਾਂ ਖੁਦਾ ਨੂੰ ਪਾ ਲਵੇ!

**ਐਸੋ ਸਾਚ ਸ਼ਿੰਗਾਰ ਕਰਿ ਪੁਤ੍ਰੀ ਪਾਇ ਖੁਦਾਇ ॥੬੪੦॥**

ਉਸ ਨੂੰ ਲੱਜਾ ਆਈ। ਨੂਰ ਜਹਾਨ ਨੇ ਜਦੋਂ ਪੁੱਛ ਹੀ ਲਿਆ ਕਿ ਇਤਨਾ ਕਾਬੂ ਆਪਣੇ 'ਤੇ ਤੁਸੀਂ ਕਿਵੇਂ ਪਾਇਆ ਹੋਇਆ ਹੈ ਤਾਂ ਆਪ ਜੀ ਨੇ ਫਰਮਾਇਆ–

**ਮੌਤ ਭੁੱਲਦੀ ਨਹੀਂ ਤੇ ਖ਼ੁਦਾ ਦੀ ਯਾਦ ਟੁੱਟਦੀ ਨਹੀਂ।**

ਜਦ ਜਹਾਂਗੀਰ ਨਾਲ ਵੱਖਰੀ ਭੇਂਟ ਹੋਈ ਤਾਂ ਉਸ ਨਿਮਰਤਾ ਨਾਲ ਖਿਮਾ ਮੰਗੀ ਤੇ ਖ਼ਾਹਿਸ਼ ਪ੍ਰਗਟਾਈ ਕਿ ਗੋਇੰਦਵਾਲ ਤੇ ਤਰਨਤਾਰਨ ਦੇ ਦਰਸ਼ਨਾਂ ਬਾਅਦ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਪੁੱਜ ਕੇ ਮਾਤਾ ਜੀ ਕੋਲੋਂ ਕ੍ਰਿਪਾ ਕਰ ਖ਼ਿਮਾ ਲੈ ਦੇਵੋ। ਮਹਾਰਾਜ ਨੇ ਕਿਹਾ – ਜਦ ਜੀਅ ਆਏ, ਉਥੇ ਆਓ। ਗੁਰੂ-ਘਰ ਕੋਈ ਰੋਕ ਨਹੀਂ।

ਗੁਰੂ ਜੀ ਵੀ ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਪੁੱਜੇ। ਸਾਰਾ ਇਲਾਕਾ ਹੀ ਦਰਸ਼ਨਾਂ ਲਈ ਉਮਡ ਪਿਆ। ਬਾਬਾ ਬੁੱਢਾ ਜੀ ਨੇ ਸਹੀ ਸਲਾਮਤ ਪੁੱਜਣ ਦੀ ਅਰਦਾਸ ਕੀਤੀ। ਮਾਤਾ ਜੀ ਦੇ ਚਰਨ ਜਦ ਗੁਰੂ ਜੀ ਨੇ ਛੂਹੇ, ਉਨ੍ਹਾਂ ਛਾਤੀ ਨਾਲ ਲਗਾ ਲਿਆ ਤੇ ਕਿਹਾ, 'ਅੱਜ ਖੁਸ਼ੀ ਸੰਭਾਲੀ ਨਹੀਂ ਜਾਂਦੀ।'

**ਮਾਤਾ ਕੇ ਚਰਨੀ ਲਗੇ ਮਾਤ ਲੀਨ ਉਰਿ ਲਾਇ।**
**ਆਨੰਦ ਸੌਂ ਸੁਤ ਤੁਮ ਆਏ ਪ੍ਰੇਮ ਨ ਚਿੱਤਿ ਸਮਾਇ ॥੬੩੭॥**

ਅਜੇ ਗੁਰੂ ਹਰਿਗੋਬਿੰਦ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਖ਼ਬਰ ਪੁੱਜੀ ਕਿ ਜਹਾਂਗੀਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣਾ ਚਾਹੁੰਦੇ ਹਨ। ਗੁਰੂ ਜੀ ਨੇ ਮੋੜਵਾਂ ਸੁਨੇਹਾ ਭੇਜਿਆ ਕਿ ਜਦ ਚਿੱਤ ਚਾਹੇ ਆਵੋ! ਜਹਾਂਗੀਰ ਤਰਨਤਾਰਨ ਦੇ ਰਾਹ ਬਾਹਰਲੀ ਬਾਹੀ ਸ੍ਰੀ ਦਰਬਾਰ ਸਾਹਿਬ ਪੁੱਜਾ ਤਾਂ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਅੱਗੋਂ ਭੇਜਿਆ ਕਿ ਨਾਲ ਲੈ ਆਵੋ! ਉਸ ਨੇ ਪਹਿਲਾਂ ਬਾਹਰੋਂ ਹੀ ਸਿਰ ਨਿਵਾਇਆ ਤੇ ਫਿਰ ਅਕਾਲ ਤਖ਼ਤ 'ਤੇ ਕੜਾਹ ਪ੍ਰਸ਼ਾਦ ਕਰਵਾਇਆ। ਮੱਥਾ ਟੇਕਿਆ –

**'ਦਰਸ ਤਖ਼ਤ ਕਰਿ ਅਨੰਦ ਚੀਨੀ ॥੬੭੬॥**

ਫਿਰ ਸ੍ਰੀ ਦਰਬਾਰ ਸਾਹਿਬ ਆਇਆ। ਬੈਠ ਕੀਰਤਨ ਸੁਣਿਆ। ਉਥੇ ਪੰਜ ਸੌ ਮੁਹਰਾਂ ਚੜ੍ਹਾਈਆਂ। ਬਲਵੰਡ ਜੀ ਦਾ ਕੀਰਤਨ ਸੁਣ ਮਨ ਟਿਕਿਆ ਤੇ ਉਸ ਬੇਅੰਤ ਮਾਇਆ ਭੇਟ ਕੀਤੀ। ਕੀਰਤਨ ਦੇ ਭੋਗ ਉਪਰੰਤ ਜਹਾਂਗੀਰ ਨੇ ਮਾਤਾ ਜੀ ਦੇ ਦਰਸ਼ਨਾਂ ਦੀ ਲੋਚਾ ਦੱਸੀ ਤੇ ਗੁਰੂ ਜੀ ਨੂੰ ਕਿਹਾ ਕਿ ਮਾਤਾ ਜੀ ਪਾਸ ਕ੍ਰਿਪਾ ਕਰਕੇ ਲੈ ਚੱਲੋ ਤਾਂ ਕਿ ਜਾ ਕੇ ਖਿਮਾ ਪ੍ਰਾਪਤ ਕਰਾਂ–

**ਚਲੋ ਪੀਰ ਮਾਤਾ ਨਿਕਟਾਇ।**
**ਪਰੀ ਭੂਲ ਮਮ ਛਿਮਾ ਕਰਾਇ ॥੬੮੦॥**

ਬੇਅੰਤ ਲੋਕੀਂ ਨਾਲ ਟੁਰ ਪਏ। ਗੁਰੂ ਕੇ ਮਹਿਲ ਜਹਾਂਗੀਰ ਗਿਆ। ਮਾਤਾ ਜੀ ਦੇ ਚਰਨੀਂ ਹੱਥ ਲਗਾ ਕੇ ਪੰਜ ਸੌ ਮੁਹਰਾਂ ਅੱਗੇ ਰੱਖ ਦਿੱਤੀਆਂ ਅਤੇ ਕਿਹਾ –

**ਛਿਮਾ ਮਾਤ ਮਮ ਕੀਜੀਏ,**
**ਮੁੱਖ ਸੌਂ ਕੀਨ ਉਚਾਰ ॥੬੮੪॥**

ਮਾਤਾ ਜੀ ਨੇ ਮੁਹਰਾਂ ਉਸੇ ਵਕਤ ਉਠਵਾ ਦਿੱਤੀਆਂ ਤੇ ਲੋੜਵੰਦਾਂ ਨੂੰ ਵੰਡ ਦਿੱਤੀਆਂ। ਜਦ ਜਹਾਂਗੀਰ ਸਫਾਈਆਂ ਦੇਣ ਲੱਗਾ ਤਾਂ ਮਾਤਾ ਜੀ ਨੇ ਕਿਹਾ, ਇਹ ਯਾਦ ਰੱਖਣਾ, ਜਹਾਂਗੀਰ!

**ਗੁਰ ਗ੍ਰਿਹ ਸਾਥਿ ਵੈਰ ਜੋ ਪਾਵੇ,**
**ਹਲਤ ਪਲਤ ਨਿਜ ਦੋਇ ਗਵਾਵੈ ॥੬੮੮॥**

ਗੁਰੂ ਤਾਂ ਜਨਮ-ਮਰਨ ਵਿਚ ਨਹੀਂ ਹਨ। ਮੂਰਖ ਲੋਕ ਹੀ ਗੁਰੂ ਨਾਲ ਵੈਰ ਕਮਾਉਂਦੇ ਹਨ। ਜਦ ਤੱਕ ਮਾਤਾ ਜੀ ਨੇ ਮੁਖ ਤੋਂ 'ਖਿਮਾ ਕੀਤੀ' ਦੇ ਸ਼ਬਦ ਨਾ ਆਖੇ ਉਤਨੀ ਦੇਰ ਉਸ ਨੂੰ ਚੈਨ ਨਾ ਆਇਆ। ਮਾਤਾ ਜੀ ਨੇ ਕਿਹਾ –

**ਸੁਨੋ ਸ਼ਾਹਿ ਗੁਰ ਤੋਰ ਸਹਾਈ।**
**ਲੋਕ ਪ੍ਰਲੋਕ ਵਿਖੈ ਸੁਖ ਪਾਈ।**
**ਯੌਂ ਸੁਨਿ ਕੈ ਮਾਤਾ ਕੇ ਬੈਨਾ।**
**ਜਹਾਂਗੀਰ ਮਨਿ ਆਯੋ ਚੈਨਾ ॥੬੯੧॥**

ਜਹਾਂਗੀਰ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਉਹ ਅਕਾਲ ਤਖ਼ਤ ਬਣਵਾਉਣ ਦਾ ਸਾਰਾ ਖਰਚ ਦੇਣਾ ਚਾਹੁੰਦਾ ਹੈ ਪਰ ਮਹਾਰਾਜ ਨੇ ਕਿਹਾ – ਜੈਸਾ ਹੈ, ਸੁੰਦਰ ਹੈ, ਸਮਾਂ ਪਾ ਕੇ ਆਪੇ ਸਿੱਖ ਬਣਾਉਣਗੇ –

**ਕਹਾ ਗੁਰੂ ਅਬ ਨਾਹਿ ਸੁਹਾਵੈ।**
**ਸਮਾ ਪਾਇ ਇਹ ਅਧਿਕ ਬਨਾਵੈ ॥੭੦੦॥**

ਮਹਾਰਾਜ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਨੇ ਮਰਯਾਦਾ ਥਾਪ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕੀਤੀ ਜਾਏ।

**('ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦੇ ਆਧਾਰ 'ਤੇ)**

# ਧਾਰਮਿਕ ਸਰਗਰਮੀਆਂ



## ਜਿਹੜੇ ਵੀ ਆਗੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨਾ ਚਾਹੁੰਦੇ ਹਨ ਉਹ ਪੰਜਾਹ-ਪੰਜਾਹ ਹਜਾਰ ਵੋਟਾ ਬਣਾਓ -ਬਾਬਾ ਰੇਸ਼ਮ ਸਿੰਘ ਖੁਖਰਾਣਾ

ਮੋਗਾ/ ਭਵਨਦੀਪ ਸਿੰਘ

ਨਵੰਬਰ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਮੋਗਾ ਵਿਖੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਪੰਥਕ ਜੱਥੇਬੰਦੀਆਂ ਅਤੇ ਸੰਤ ਸਮਾਜ ਦੇ ਸਹਿਯੋਗ ਨਾਲ ਵਿਸਾਲ ਰੋਸ ਮਾਰਚ ਕੱਢਿਆ। ਇਸ ਸਬੰਧ ਵਿੱਚ ਗੁਰਦੁਆਰਾ ਬੀਬੀ ਕਾਹਨ ਕੌਰ ਮੋਗਾ ਵਿਖੇ ਇਕੱਤਰ ਹੋਈਆਂ ਉਪਰੋਕਤ ਜੱਥੇਬੰਦੀਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਿਕਰ ਕੀਤਾ ਕਿ ਜਾਲਮ ਕਾਂਗਰਸ ਦੀ ਕੇਂਦਰੀ ਸਰਕਾਰ ਸਮੇਂ ਨਵੰਬਰ 1984 ਵਿੱਚ ਭਾਰਤ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਸ਼ਹਿਰਾਂ ਵਿੱਚ ਸ਼ਰੇਆਮ ਸਿੱਖਾਂ ਨੂੰ ਘਰਾਂ 'ਚੋਂ ਕੱਢ ਕੇ ਗਲਾਂ ਵਿੱਚ ਸੜਦੇ ਟਾਇਰ ਪਾ ਕੇ ਸਾੜਿਆ ਗਿਆ, ਧੀਆਂ ਭੈਣਾਂ ਨੂੰ ਬੇਪੱਤ ਕੀਤਾ ਗਿਆ, ਸਿੱਖਾਂ ਦੀਆਂ ਦੁਕਾਨਾਂ ਘਰ ਸਾੜ ਦਿੱਤੇ ਗਏ, ਪ੍ਰਾਪਰਟੀਆਂ ਨੱਪ ਲਈਆਂ ਗਈਆ, 39 ਸਾਲ ਬੀਤ ਜਾਣ ਦੇ ਬਾਵਜੂਦ ਵੀ ਸਿੱਖ ਕੌਮ ਨੂੰ ਇਨਸਾਫ ਨਹੀਂ ਮਿਲਿਆ ਅਤੇ ਸੱਜਣ ਕੁਮਾਰ ਵਰਗਿਆਂ ਨੂੰ ਬਰੀ ਕਰ ਦਿੱਤਾ ਗਿਆ, ਜਗਦੀਸ਼ ਟਾਈਟਲ ਵਰਗਿਆਂ ਸਿੱਖ ਕੌਮ ਦੀ ਨਸਲ ਕੁਸ਼ੀ ਦੇ ਦੋਸ਼ੀ ਸ਼ਰੇਆਮ ਘੁੰਮ ਰਹੇ ਆ ਜਦਕਿ ਸਿੱਖ ਨੌਜਵਾਨ ਜਿਹੜੇ ਸਜਾਵਾਂ ਪਰ ਪੂਰੀਆਂ ਕਰ ਚੁੱਕੇ ਹਨ ਉਹਨਾਂ ਨੂੰ ਜਾਣ ਬੁਝ ਕੇ ਰਿਹਾਅ ਨਹੀਂ ਕੀਤਾ ਜਾ ਰਿਹਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆ ਰਹੀਆਂ ਚੋਣਾਂ ਬਾਰੇ ਜਿਕਰ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਨੇ ਕਿਹਾ ਕਿ ਸੀਟਾ ਲੈਣ ਨੂੰ ਬਹੁੱਤ ਤਿਆਰ ਬੈਠੇ ਹਨ ਪਰ ਵੋਟਾ ਨਹੀਂ ਹਨ। ਜਿਹੜੇ ਵੀ ਆਗੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਣਾ ਚਾਹੁੰਦੇ ਹਨ ਉਹ ਪੰਜਾਹ-ਪੰਜਾਹ ਹਜਾਰ ਵੋਟਾ ਬਣਾਓ। ਉਨ੍ਹਾਂ ਕਿਹਾ ਕਿ ਜੇਕਰ ਤੁਹਾਡੇ ਹੱਕ ਦੀਆਂ ਵੋਟਾ ਹੀ ਨਾ ਹੋਈਆਂ ਤਾਂ ਤੁਸੀਂ ਚੋਣਾਂ ਲੜ ਕੇ ਵੀ ਕੀ ਕਰੋਗੇ। ਗਿਆਨੀ ਜਸਵਿੰਦਰ ਸਿੰਘ ਜੋਗੇਵਾਲਾ, ਪ੍ਰਸਿਧ ਵਿਦਵਾਨ ਭਾਈ ਬਲਦੇਵ ਸਿੰਘ ਸਰਸਾ, ਜਗਤਾਰ ਸਿੰਘ ਰਾਜੇਆਣਾ (ਜਿਲ੍ਹਾ ਪ੍ਰਧਾਨ ਸੰਯੁਕਤ ਅਕਾਲੀ ਦਲ), ਭਾਈ ਬਲਰਾਜ ਸਿੰਘ ਜਿਲ੍ਹਾ ਪ੍ਰਧਾਨ, ਜੱਥੇਦਾਰ ਬੂਟਾ ਸਿੰਘ ਰਣਸੀਂਹ ਕੇ (ਪ੍ਰਧਾਨ: ਕਿਰਤੀ ਅਕਾਲੀ ਦਲ) ਅਦਿ ਹਾਜਰ ਹੋਰ ਬੁਲ-ਾਰਿਆ ਨੇ ਕਿਹਾ ਕਿ ਇਹ ਚੌਣਾ ਸਾਰੀਆਂ ਪੰਥਕ ਧਿਰਾਂ ਨੂੰ ਇਕੱਠਿਆ ਹੋ ਕੇ ਲੜਨੀਆਂ ਚਾਹੀਦੀਆਂ ਹਨ ਤਾਂ ਜੋ ਕਿ ਸ਼੍ਰੋਮਣੀ ਕਮੇਟੀ ਨੂੰ ਇੱਕ ਪਰਿਵਾਰ ਦੀ ਗਲਬ ਵਿੱਚ ਯਾਦ ਕਰਵਾਇਆ ਜਾ ਸਕੇ।




ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਵਿਧਾਨ ਸਭਾ ਦੀਆਂ ਅਤੇ ਲੋਕ ਸਭਾ ਦੀਆਂ ਵੋਟਾਂ ਆਂਗਣਵਾੜੀ ਟੀਚਰਾਂ ਰਾਹੀਂ ਬੀ.ਐਲ.ਓ. ਲਾ ਕੇ ਬਣਾਉਂਦੇ ਹਨ ਉਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵੀ ਸਰਕਾਰ ਆਪ ਬਣਵਾਵੇ। ਇਸ ਮੌਕੇ ਬੋਲਦਿਆਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮੁੱਖ ਬੁਲਾਰੇ ਭਾਈ ਬਲਵਿੰਦਰ ਸਿੰਘ ਰੋਡੇ ਨੇ ਕਿਹਾ ਕਿ ਸਾਨੂੰ ਪੜਚੋਲ ਕਰਕੇ ਆਨੰਦਪੁਰ ਸਾਹਿਬ ਦੇ ਮਤੇ ਤੇ ਲੜਾਈ ਲੜਨੀ ਚਾਹੀਦੀ ਆ ਕਿਉਂਕਿ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਮੰਗਾਂ ਸਨ ਜਿਉਂ ਦੀਆਂ ਤਿਉਂ ਲੜਕ ਰਹੀਆਂ ਹਨ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਿਆ ਵੱਲੋਂ ਗਿਆਨੀ ਜਸਵਿੰਦਰ ਸਿੰਘ ਜੋਗੇਵਾਲਾ, ਭਾਈ ਅਮਰਦੀਪ ਸਿੰਘ ਜਿਲ੍ਹਾ ਪ੍ਰਧਾਨ ਜਲੰਧਰ, ਭਾਈ ਜਸਪ੍ਰੀਤ ਸਿੰਘ ਜ਼ਿਲ੍ਹਾ ਪ੍ਰਧਾਨ ਫ਼ਤਹਿਗੜ੍ਹ ਸਾਹਿਬ, ਭਾਈ ਗੁਰਮੀਤ ਸਿੰਘ ਮੌੜ ਜ਼ਿਲ੍ਹਾ ਪ੍ਰਧਾਨ ਫਾਜ਼ਿਲਕਾ, ਭਾਈ ਰਾਜਵਿੰਦਰ ਸਿੰਘ ਜਿਲ੍ਹਾ ਪ੍ਰਧਾਨ ਫਿਰੋਜ਼ਪੁਰ, ਭਾਈ ਰੇਸ਼ਮ ਸਿੰਘ ਜਿਲ੍ਹਾ ਪ੍ਰਧਾਨ ਮੋਗਾ, ਧਰਮਿੰਦਰ ਸਿੰਘ ਜੈਤੋ ਜਿਲਾ ਪ੍ਰਧਾਨ ਫਰੀਦਕੋਟ, ਭਾਈ ਕੁਲਦੀਪ ਸਿੰਘ ਖਾਲਸਾ ਮਾਲਵਾ, ਸੂਬਾ ਸਿੰਘ ਸਿਦਕੀ, ਬਾਬਾ ਗੁਰਦਿਆਲ ਸਿੰਘ ਲੰਗੇਆਣਾ, ਭਾਈ ਰਾਜਾ ਸਿੰਘ ਖੁਖਰਾਣਾ, ਭਾਈ ਸੁਖਰਾਜ ਸਿੰਘ ਨਿਆਮੀ ਵਾਲਾ, ਰਾਜਿੰਦਰ ਸਿੰਘ ਖਾਲਸਾ, ਅਮਰਿੰਦਰ ਸਿੰਘ ਫਰੀਦਕੋਟ, ਭਾਈ ਅਮਰੀਕ ਸਿੰਘ ਕੱਚਰਭੰਨ, ਭਾਈ ਬਲਦੇਵ ਸਿੰਘ ਗਗੜਾ, ਬਲਜੀਤ ਸਿੰਘ ਨਵਾਂ ਕਿਲਾ, ਬਲਜੀਤ ਸਿੰਘ ਨਵਾਂ ਕਿਲਾ, ਹਰਪ੍ਰੀਤ ਸਿੰਘ ਕੋਟਕਪੂਰਾ, ਕੁਲਵਿੰਦਰ ਸਿੰਘ ਜੰਗ, ਭਾਈ ਗੁਰਮੀਤ ਸਿੰਘ ਹਕੂਮਤ ਸਿੰਘ ਵਾਲਾ ਆਦਿ ਹੋਰ ਕਈ ਆਗੂ ਹਾਜ਼ਰ ਸਨ।

## ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਮਨੁੱਖਤਾ ਲਈ ਚਾਨਣ ਮੁਨਾਰਾ -ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ

ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ



ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤੱਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ ਵਿਖੇ ਪੁੰਨਿਆਂ ਦਾ ਦਿਹਾੜਾ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਨਾਇਆ ਗਿਆ ਇਸ ਮੌਕੇ ਸੰਗਤਾਂ ਨੇ ਪਵਿੱਤਰ ਸਰੋਵਰ ਦੇ ਵਿੱਚ ਇਸ਼ਨਾਨ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਗੁਰੂ ਘਰ ਦੇ ਵਿੱਚੋਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਤਿੰਨ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ ਸਰਬੱਤ ਦੇ ਭਲੇ ਦੇ ਲਈ ਅਰਦਾਸ ਕਰਨ ਉਪਰੰਤ ਸਜੇ ਧਾਰਮਿਕ ਦੀਵਾਨ ਦੇ ਵਿੱਚ ਰਾਗੀ ਜਥੇ ਕਮਲਜੀਤ ਸਿੰਘ ਜੀ ਆਲਮਵਾਲਾ, ਭਾਈ ਗੁਰਮੁਖ ਸਿੰਘ ਬਹੋਨਾ,ਭਾਈ ਜਸਪਾਲ ਸਿੰਘ ਜੀ ਲੱਲਿਆਂ ਵਾਲੇ, ਭਾਈ ਇਕਬਾਲ ਸਿੰਘ ਜੀ ਲੰਗਿਆਣੇ ਵਾਲਿਆਂ ਸਮੇਤ ਜਥਿਆਂ ਨੇ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਟੇਜ ਦੀ ਸੇਵਾ ਦਰਸਨ ਸਿੰਘ ਡਰੋਲੀ ਭਾਈ ਨੇ ਨਿਭਾਈ। ਇਸ ਮੌਕੇ ਗੁਰੂ ਦਾ ਲੰਗਰ ਅਟੁੱਟ ਵਰਤਿਆ।



ਇਸ ਮੌਕੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਬਾਬਾ ਗੁਰਦੀਪ ਸਿੰਘ ਜੀ ਮੁੱਖ ਸੇਵਾਦਾਰ ਗੁ: ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣੇ ਵਾਲਿਆਂ ਨੇ ਪ੍ਰਵਚਨਾਂ ਦੌਰਾਨ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਵਿਚਾਰਧਾਰਾ ਤੋਂ ਸੰਗਤ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਮਨੁੱਖਤਾ ਲਈ ਚਾਨਣ ਮੁਨਾਰਾ ਹੈ ਅਤੇ ਉਨ੍ਹਾਂ ਦੇ ਉਪਦੇਸ਼ਾਂ ਅਨੁਸਾਰ ਚੱਲ ਕੇ ਜੀਵਨ ਨੂੰ ਖੁਸ਼ਮਈ ਬਣਾਇਆ ਜਾ ਸਕਦਾ ਹੈ।

ਬਾਬਾ ਗੁਰਦੀਪ ਸਿੰਘ ਜੀ ਨੇ ਗੁਰੂ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਗੁਰੂ ਜੀ ਦੇ ਜੀਵਨ ਤੋਂ ਪ੍ਰੇਨਾ ਲੈਣੀ ਚਾਹੀਦੀ ਹੈ ਅਤੇ ਉਨਾਂ ਦੇ ਦੱਸੇ ਮਾਰਗ ਤੇ ਚੱਲਣ ਲਈ ਪ੍ਰੇਤਿ ਕੀਤਾ ਉਨਾਂ ਕਿਹਾ ਕਿ ਸਾਨੂੰ ਆਪਣੀ ਸਿੱਖੀ ਨੂੰ ਸੰਭਾਲਣਾ ਚਾਹੀਦਾ ਹੈ। ਉਨ੍ਹਾਂ ਖਾਲਸਾ ਪੰਥ ਨੂੰ ਬੇਨਤੀ ਕੀਤੀ ਕਿ ਅੱਜ ਸਾਰੀ ਸਿੱਖ ਕੌਮ ਨੂੰ ਇਕ ਮੁੱਠ ਹੋਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਸਿੱਖੀ ਸਿਧਾਂਤਾਂ ਨੂੰ ਸਾਹਮਣੇ ਰੱਖਦੇ ਹੋਏ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਤੇ ਚੱਲ ਕੇ ਜੀਵਨ ਬਿਤੀਤ ਕਰ ਸਕੀਏ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਭਾਈ ਬਿੱਲੂ ਸਿੰਘ ਚੰਦ ਪੁਰਾਣਾ , ਭਾਈ ਚਮਕੌਰ ਸਿੰਘ, ਭਾਈ ਅਜਮੇਰ ਸਿੰਘ, ਦਵਿੰਦਰ ਸਿੰਘ ਕੋਟ ਕਰੋੜ, ਭਜਨ ਸਿੰਘ ਕਾਲੇਕੇ, ਧਰਮ ਸਿੰਘ, ਸੁੱਚਾ ਸਿੰਘ ਗ੍ਰੰਥੀ ਸਮੇਤ ਹੋਰ ਵੀ ਵੱਡੀ ਗਿਣਤੀ ਵਿੱਚ ਸੇਵਾਦਾਰ ਹਾਜ਼ਰ ਸਨ।

ਦੇਸ਼ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸਾਧ ਸੰਗਤ ਜੀ ਨੂੰ 'ਬੰਦੀ ਛੋੜ ਦਿਵਸ' ਦੀਆਂ ਲੱਖ-ਲੱਖ ਮੁਬਾਰਕਾਂ !





ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲੇ

ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ (ਜ਼ਿਲ੍ਹਾ ਮੋਗਾ)

ਤਪ ਅਸਥਾਨ ਤੇ ਅੰਗੀਠਾ ਸਾਹਿਬ ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ

ਮੁੱਖ ਸੇਵਾਦਾਰ: ਬਾਬਾ ਜਸਵੀਰ ਸਿੰਘ ਜੀ ਲੋਹਾਰਾ Mob. 95017-70065






# ਹਰੀ ਦੀਵਾਲੀ ਮਨਾਈਏ, ਖ਼ੁਸ਼ੀਆਂ ਦੇ ਦੀਪ ਜਗਾਈਏ

**- ਰਾਜਿੰਦਰ ਰਾਣੀ**



ਦੀਵਾਲੀ ਰੁੱਤ ਪਰਿਵਰਤਨ ਦਾ ਮੌਸਮੀ ਤਿਉਹਾਰ ਹੈ। ਇਹ ਕੱਤਕ ਮਹੀਨੇ ਦੀ ਮੱਸਿਆ ਵਾਲੇ ਦਿਨ ਮਨਾਇਆ ਜਾਂਦਾ ਹੈ। ਚਾਨਣ ਦੀ ਹਨੇਰੇ 'ਤੇ, ਭਲੇ ਦੀ ਬੁਰਾਈ 'ਤੇ, ਗਿਆਨਤਾ ਦੀ ਅਗਿਆਨਤਾ 'ਤੇ ਫ਼ਤਿਹ ਦਾ ਪ੍ਰਤੀਕ ਇਹ ਤਿਉਹਾਰ ਸਮਾਜ 'ਚ ਖ਼ੁਸ਼ੀ, ਭਾਈਚਾਰੇ ਤੇ ਪਿਆਰ ਦਾ ਸੰਦੇਸ਼ ਫੈਲਾਉਂਦਾ ਹੈ। ਦੀਵਾਲੀ ਸ਼ਬਦ ਦੀਪਾਵਲੀ ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਦੀਵਿਆਂ ਦੀਆਂ ਕਤਾਰਾਂ।' ਦੀਵਾਲੀ ਦੀ ਰਾਤ ਲੋਕ ਆਪਣੇ ਘਰਾਂ ਨੂੰ ਦੀਵਿਆਂ ਨਾਲ ਰੋਸ਼ਨ ਕਰਦੇ ਹਨ। ਦੀਵੇ ਖ਼ੁਦ ਜਲ ਕੇ ਦੂਜਿਆਂ ਦਾ ਮਾਰਗ ਰੋਸ਼ਨ ਕਰਦੇ ਹਨ ਤੇ ਸਾਨੂੰ ਆਪਣਾ ਆਪ ਕੁਰਬਾਨ ਕਰ ਕੇ ਦੂਜਿਆਂ ਦੇ ਕੰਮ ਆਉਣ ਦੀ ਪ੍ਰੇਰਨਾ ਦਿੰਦੇ ਹਨ।

**ਤਿਉਹਾਰ ਦਾ ਪਿਛੋਕੜ:** ਹਿੰਦੂ ਧਰਮ 'ਚ ਦੀਵਾਲੀ ਦਾ ਪਿਛੋਕੜ ਅਯੁੱਧਿਆ ਦੇ ਰਾਜਾ ਸ਼੍ਰੀ ਰਾਮ ਚੰਦਰ ਜੀ ਨਾਲ ਜੋੜਿਆ ਜਾਂਦਾ ਹੈ, ਜਦੋਂ ਉਹ 14 ਸਾਲਾਂ ਦਾ ਬਨਵਾਸ ਕੱਟ ਕੇ ਤੇ ਲੰਕਾਂ ਦੇ ਰਾਜੇ ਰਾਵਣ ਦਾ ਨਾਸ਼ ਕਰ ਕੇ ਉਸ ਦੀ ਕੈਦ 'ਚੋਂ ਸੀਤਾ ਮਾਤਾ ਨੂੰ ਰਿਹਾਅ ਕਰਵਾ ਕੇ ਅਯੁੱਧਿਆ ਵਾਪਸ ਆਏ ਸਨ। ਉਦੋਂ ਅਯੁੱਧਿਆ ਵਾਸੀਆਂ ਨੇ ਉਨ੍ਹਾਂ ਦੇ ਆਉਣ ਦੀ ਖ਼ੁਸ਼ੀ 'ਚ ਘਿਉ ਦੇ ਦੀਵੇ ਜਗਾਏ ਸਨ। ਉਦੋਂ ਤੋਂ ਦੀਵਾਲੀ ਦਾ ਇਹ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਸਿੱਖ ਧਰਮ 'ਚ ਵੀ ਦੀਵਾਲੀ ਦੇ ਦਿਨ ਦਾ ਵੱਡਾ ਮਹੱਤਵ ਹੈ। ਦੀਵਾਲੀ ਵਾਲੇ ਦਿਨ ਹੀ ਸਿੱਖਾਂ ਦੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਤੋਂ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿੱਚੋਂ 52 ਰਾਜਿਆਂ ਨੂੰ ਰਿਹਾਅ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਸਨ। ਉਨ੍ਹਾਂ ਦੇ ਅੰਮ੍ਰਿਤਸਰ ਪੁੱਜਣ 'ਤੇ ਲੋਕਾਂ ਨੇ ਦੇਸੀ ਘਿਉ ਦੇ ਦੀਵੇ ਜਗਾ ਕੇ ਰੋਸ਼ਨੀਆਂ ਕੀਤੀਆਂ।

**ਪ੍ਰਦੂਸ਼ਣ ਦਾ ਕਾਰਨ ਬਣਦੇ ਹਨ ਪਟਾਕੇ:** ਤਿਉਹਾਰਾਂ ਦਾ ਜਨਮ ਕੁਦਰਤ ਨਾਲ ਇਕਸੁਰਤਾ ਵਧਾਉਣ ਲਈ ਹੋਇਆ ਸੀ ਪਰ ਅੱਜ ਅਸੀਂ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ। ਦੀਵਾਲੀ ਦੀ ਰਾਤ ਪਟਾਕੇ ਚਲਾਉਣ ਕਾਰਨ ਕਈ ਦੁਖਦਾਈ ਘਟਨਾਵਾਂ ਵਾਪਰਦੀਆਂ ਹਨ। ਕਈ ਥਾਵਾਂ 'ਤੇ ਅੱਗ ਲੱਗ ਜਾਂਦੀ ਹੈ ਜਾਂ ਖੇਤਾਂ ਨੂੰ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਪਟਾਕੇ ਵੱਡੀ ਮਾਤਰਾ 'ਚ ਪ੍ਰਦੂਸ਼ਣ ਦਾ ਕਾਰਨ ਵੀ ਬਣਦੇ ਹਨ। ਇਨ੍ਹਾਂ ਨਾਲ ਹਵਾ 'ਚ ਪੈਦਾ ਹੋਏ ਰਸਾਇਣ ਦਮਾ, ਖੰਘ, ਜ਼ੁਕਾਮ, ਛਾਤੀ ਰੋਗ, ਕੈਂਸਰ, ਕਮਜ਼ੋਰੀ, ਬੇਚੈਨੀ, ਅਧਰੰਗ, ਫੇਫੜਿਆਂ ਦਾ ਕੈਂਸਰ, ਕੰਨਾਂ ਦੇ ਰੋਗ ਆਦਿ ਅਨੇਕਾਂ ਗੰਭੀਰ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਹਰ ਵਿਅਕਤੀ ਨੂੰ ਖ਼ੁਦ ਇਸ ਸਬੰਧੀ ਜਾਗਰੂਕ ਹੋ ਕੇ ਪਟਾਕਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਸਾਨੂੰ 'ਹਰੀ ਦੀਵਾਲੀ' ਮਨਾਉਣ ਦੇ ਸੰਕਲਪ ਨੂੰ ਲਾਗੂ ਕਰਨਾ ਚਾਹੀਦਾ ਹੈ ਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ ਚਾਹੀਦਾ ਹੈ। ਵੱਧ ਤੋਂ ਵੱਧ ਹਰੇ ਪੌਦੇ ਲਾਉਣੇ ਚਾਹੀਦੇ ਹਨ ਤਾਂ ਜੋ ਸਹੀ ਅਰਥਾਂ 'ਚ ਹਰੀ ਦੀਵਾਲੀ ਮਨਾਈ ਜਾ ਸਕੇ। ਦੀਵਾਲੀ ਦੀਆਂ ਖ਼ੁਸ਼ੀਆਂ 'ਚ ਅਕਸਰ ਅਸੀਂ ਆਪਣੇ ਵਾਤਾਵਰਨ ਨੂੰ ਭੁੱਲ ਜਾਂਦੇ ਹਾਂ। ਪਟਾਕਿਆਂ ਕਾਰਨ ਇਸ ਦਿਨ ਬਹੁਤ ਪ੍ਰਦੂਸ਼ਣ ਹੁੰਦਾ ਹੈ, ਜਿਸ ਨਾਲ ਵਾਤਾਵਰਨ ਨੂੰ ਨੁਕਸਾਨ ਪਹੁੰਚਦਾ ਹੈ, ਜਦੋਂਕਿ ਬਾਜ਼ਾਰ 'ਚ 'ਚ ਈਕੋ ਫਰੈਂਡਲੀ ਪਟਾਕੇ ਵੀ ਮਿਲਦੇ ਹਨ। ਇਨ੍ਹਾਂ ਨਾਲ ਪ੍ਰਦੂਸ਼ਣ ਘੱਟ ਹੁੰਦਾ ਹੈ।

**ਮਿੱਟੀ ਦੇ ਦੀਵੇ ਹਨ ਵੀ ਈਕੋ ਫਰੈਂਡਲੀ:** ਦੀਵਾਲੀ ਰੋਸ਼ਨੀਆਂ ਦਾ ਤਿਉਹਾਰ ਹੈ। ਰੋਸ਼ਨੀ ਕੀਤੇ ਬਿਨਾਂ ਇਸ ਤਿਉਹਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਬਿਜਲੀ ਦੀਆਂ ਰੰਗ-ਬਰੰਗੀਆਂ ਲੜੀਆਂ ਦੀ ਥਾਂ ਮਿੱਟੀ ਦੇ ਦੀਵੇ ਜਗਾਉਣੇ ਚਾਹੀਦੇ ਹਨ ਤਾਂ ਜੋ ਨਜ਼ਰ ਆਵੇ ਕਿ ਦੀਵਾਲੀ ਦੀਵਿਆਂ ਦਾ ਤਿਉਹਾਰ ਹੈ। ਰਵਾਇਤੀ ਸਰ੍ਹੋਂ ਦੇ ਤੇਲ ਦੀ ਦੀਪਮਾਲਾ ਨਾ ਸਿਰਫ਼ ਰੋਸ਼ਨੀ ਤੇ ਉਤਸ਼ਾਹ ਦਾ ਪ੍ਰਤੀਕ ਹੈ ਸਗੋਂ ਉਨ੍ਹਾਂ ਦੀ ਰੋਸ਼ਨੀ ਤੋਂ ਆਕਰਸ਼ਿਤ ਹੋ ਕੇ ਕੀਟ-ਪਤੰਗੇ ਵੀ ਮਰ ਜਾਂਦੇ ਹਨ, ਜਿਸ ਨਾਲ ਪੇਸਟ ਕੰਟਰੋਲ ਵੀ ਹੋ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਜਗਮਗਾਉਂਦੀਆਂ ਲਾਈਟਾਂ ਤੇ ਬਿਜਲੀ ਦੇ ਦੀਵਿਆਂ ਨੂੰ ਜਲਾਉਣ ਦਾ ਰੁਝਾਨ ਵਧਿਆ ਹੈ। ਇਸ ਨਾਲ ਬਿਜਲੀ ਦੀ ਖਪਤ ਵੱਧ ਜਾਂਦੀ ਹੈ। ਬਿਜਲੀ ਬਚਾਉਣ ਲਈ ਐੱਲਈਡੀ ਲਾਈਟਾਂ ਦੀ ਵਰਤੋਂ ਕਰੋ, ਜਿਸ ਨਾਲ ਊਰਜਾ ਦੀ ਖਪਤ ਘੱਟ ਹੁੰਦੀ ਹੈ। ਦੀਵਾਲੀ ਮੌਕੇ ਆਪਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਨੂੰ ਹਰਬਲ ਗਿਫਟ ਦੇਣੇ ਚਾਹੀਦੇ ਹਨ, ਜੋ ਹੱਥਾਂ ਨਾਲ ਬਣੀਆਂ ਮੋਮਬੱਤੀਆਂ ਜਾਂ ਖ਼ਾਸ ਪੌਦੇ ਹੋ ਸਕਦੇ ਹਨ।

**ਗਰੀਨ ਦੀਵਾਲੀ, ਕਲੀਨ ਦੀਵਾਲੀ:** ਦੀਵਾਲੀ ਦਾ ਤਿਉਹਾਰ ਆਉਣ 'ਤੇ ਸਾਰੇ ਲੋਕ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ। ਲੋਕ ਆਪਣੇ ਘਰਾਂ, ਦੁਕਾਨਾਂ, ਦਫ਼ਤਰਾਂ ਦੀਆਂ ਸਫ਼ਾਈਆਂ ਕਰਦੇ ਹਨ। ਕਈ ਘਰਾਂ 'ਚ ਰੰਗ-ਰੋਗਨ ਹੁੰਦਾ ਹੈ ਤਾਂ ਜੋ ਦੀਵਾਲੀ 'ਤੇ ਘਰ ਸੁੰਦਰ ਤੇ ਸਾਫ਼ ਦਿਸਣ। ਇਸ ਪਿੱਛੇ ਆਮ ਹੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਜਿੱਥੇ ਸਾਫ਼-ਸਫ਼ਾਈ ਹੁੰਦੀ ਹੈ, ਉੱਥੇ ਬਰਕਤ ਹੁੰਦੀ ਹੈ, ਖ਼ੁਸ਼ੀਆਂ ਆਉਂਦੀਆਂ ਹਨ। ਦੂਸਰੇ ਪਾਸੇ ਅਸੀਂ ਮਨਾਂ ਦੀ ਗੱਲ ਕਰੀਏ ਤਾਂ ਅੱਜ ਦਾ ਇਨਸਾਨ ਵੈਰ, ਵਿਰੋਧ, ਈਰਖਾ, ਨਫ਼ਰਤ, ਬੁਰੀਆਂ ਸੋਚਾਂ ਸਮੇਤ ਕਈ ਇਹੋ ਜਿਹੀਆਂ ਭਾਵਨਾਵਾਂ ਮਨਾਂ 'ਚ ਰੱਖ ਕੇ ਬੈਠਾ ਹੈ, ਜਿਸ ਨਾਲ ਲੋਕਾਂ ਦੇ ਘਰਾਂ ਦੇ ਨਾਲ-ਨਾਲ ਸਮਾਜ 'ਚ ਗੰਦਗੀ ਫੈਲ ਰਹੀ ਹੈ। ਇਨ੍ਹਾਂ ਬੁਰਾਈਆਂ ਦਾ ਜ਼ਿਕਰ ਗੁਰੂਆਂ-ਪੀਰਾਂ ਨੇ ਆਪਣੀਆਂ ਸਿੱਖਿਆਵਾਂ 'ਚ ਕੀਤਾ ਹੈ। ਉਨ੍ਹਾਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜਿਸ ਮਨ 'ਚ ਇਹ ਬੁਰਾਈਆਂ ਹੁੰਦੀਆਂ ਹਨ, ਉੱਥੇ ਕਦੇ ਖ਼ੁਸ਼ੀਆਂ-ਖੇੜੇ ਤੇ ਅਧਿਆਤਮਕ ਸੁੱਖ ਕਦੇ ਨਹੀਂ ਆ ਸਕਦਾ। ਇਸ ਲਈ ਮਨਾਂ ਵਿੱਚੋਂ ਇਨ੍ਹਾਂ ਸਮਾਜਿਕ ਬੁਰਾਈਆਂ ਨੂੰ ਕੱਢਣਾ ਬਹੁਤ ਜ਼ਰੂਰੀ ਹੈ। ਕਈ ਵਾਰ ਅਸੀਂ ਜਾਣੇ-ਅਣਜਾਣੇ 'ਚ ਕੂੜੇ ਨੂੰ ਗ਼ਲਤ ਤਰੀਕੇ ਨਾਲ ਆਪਣੇ ਆਸੇ-ਪਾਸੇ ਸੁੱਟ ਦਿੰਦੇ ਹਨ। ਦੀਵਾਲੀ ਤੋਂ ਬਾਅਦ ਵੀ ਅੱਧੀਆਂ ਜਲੀਆਂ ਹੋਈਆਂ ਮੋਮਬੱਤੀਆਂ, ਦੀਵੇ ਤੇ ਚੱਲੇ ਹੋਏ ਪਟਾਕੇ ਇਧਰ-ਉਧਰ ਖਿੱਲਰੇ ਦੇਖਣ ਨੂੰ ਮਿਲਦੇ ਹਨ। ਸਾਨੂੰ ਗਰੀਨ ਦੀਵਾਲੀ ਦੇ ਨਾਲ-ਨਾਲ ਕਲੀਨ ਦੀਵਾਲੀ ਵੀ ਮਨਾਉਣੀ ਚਾਹੀਦੀ ਹੈ, ਯਾਨੀ ਦੀਵਾਲੀ ਤੋਂ ਪਹਿਲਾਂ ਜਾਂ ਬਾਅਦ 'ਚ ਕੂੜੇ ਨੂੰ ਸਹੀ ਥਾਂ 'ਤੇ ਸੁੱਟਿਆ ਜਾਵੇ। ਇਸ ਤਰ੍ਹਾਂ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਰੱਖ ਕੇ ਦੀਵਾਲੀ ਦਾ ਅਸਲੀ ਮਜ਼ਾ ਲਿਆ ਜਾ ਸਕਦਾ ਹੈ।

**ਮਠਿਆਈਆਂ ਦਾ ਜ਼ਹਿਰ:** ਤਿਉਹਾਰਾਂ ਮੌਕੇ ਦੁਕਾਨਦਾਰ ਮੁਨਾਫ਼ਾਖੋਰੀ ਦੇ ਚੱਕਰ 'ਚ ਮਨੁੱਖੀ ਜ਼ਿੰਦਗੀਆਂ ਨਾਲ ਖਿਲਵਾੜ ਵੀ ਕਰਦੇ ਹਨ। ਦੀਵਾਲੀ ਦੇ ਤਿਉਹਾਰ ਮੌਕੇ ਸਾਨੂੰ ਮਠਿਆਈਆਂ ਦੇ ਸੁਆਦ ਤੇ ਮਿੱਠੇ ਜ਼ਹਿਰ ਦੇ ਜੰਜ਼ਾਲ ਤੋਂ ਬਚਣਾ ਚਾਹੀਦਾ ਹੈ। ਨਕਲੀ ਮਠਿਆਈਆਂ, ਪਨੀਰ, ਦੁੱਧ ਆਦਿ ਪਦਾਰਥ ਇਸ ਮੌਕੇ ਧੜੱਲੇ ਨਾਲ ਵਿਕਦੇ ਹਨ ਪਰ ਅਸੀਂ ਸਮਝਦਾਰੀ ਤੋਂ ਕੰਮ ਲੈ ਕੇ ਇਸ ਮਿੱਠੇ ਜ਼ਹਿਰ ਤੋਂ ਬਚ ਸਕਦੇ ਹਾਂ। ਬਾਜ਼ਾਰਾਂ 'ਚ ਵਿਕਦੀ ਮਿਲਾਵਟੀ ਮਠਿਆਈ ਦੀ ਥਾਂ ਘਰਾਂ 'ਚ ਰਲ-ਮਿਲ ਕੇ ਮਠਿਆਈ ਬਣਾਉਣੀ ਚਾਹੀਦੀ ਹੈ।

**ਸਜਾਵਟ ਲਈ ਕਰੋ ਕੁਦਰਤੀ ਫੁੱਲਾਂ ਦੀ ਵਰਤੋਂ:** ਸਾਨੂੰ ਆਪਣਾ ਘਰ ਸਜਾਉਣ ਲਈ ਬਨਾਵਟੀ ਫੁੱਲਾਂ ਦੀ ਥਾਂ ਕੁਦਰਤੀ ਫੁੱਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਰੰਗੋਲੀ ਬਣਾਉਣ ਲਈ ਹਮੇਸ਼ਾ ਜੈਵਿਕ ਰੰਗਾਂ ਦੀ ਚੋਣ ਕਰੋ ਜਾਂ ਫਿਰ ਫੁੱਲਾਂ ਤੇ ਪੱਤਿਆਂ ਦੀ ਵਰਤੋਂ ਨਾਲ ਵੀ ਘਰ ਸਜਾਇਆ ਜਾ ਸਕਦਾ ਹੈ। ਦੀਵਾਲੀ ਦੀ ਰਾਤ ਵਰਤੋਂ 'ਚ ਲਿਆਂਦੇ ਦੀਵਿਆਂ ਨੂੰ ਕੂੜੇ 'ਚ ਨਾ ਸੁੱਟੋ। ਇਨ੍ਹਾਂ ਨੂੰ ਅਗਲੇ ਸਾਲ ਫਿਰ ਵਰਤਿਆ ਜਾ ਸਕਦਾ ਹੈ। ਇਸ ਨਾਲ ਪੈਸੇ ਦੀ ਬੱਚਤ ਹੁੰਦੀ ਹੈ। ਘਰ ਨੂੰ ਸਜਾਉਣ ਲਈ ਤੁਸੀਂ ਆਪਣੀਆਂ ਪੁਰਾਣੀਆਂ ਚੀਜ਼ਾਂ ਦੀ ਵਰਤੋਂ ਕਰ ਸਕਦੇ ਹੋ। ਅੱਜ-ਕੱਲ੍ਹ ਬਾਜ਼ਾਰ ਪਲਾਸਟਿਕ ਤੋਂ ਬਣੇ ਸਜਾਵਟੀ ਸਮਾਨ ਨਾਲ ਭਰੇ ਪਏ ਹਨ, ਜੋ ਦੀਵਾਲੀ ਤੋਂ ਬਾਅਦ ਇਧਰ-ਉਧਰ ਖਿੱਲਰਿਆ ਪਿਆ ਦਿਸਦਾ ਹੈ। ਇਹ ਪਲਾਸਟਿਕ ਮਿੱਟੀ 'ਚ ਜਾ ਕੇ ਨਸ਼ਟ ਨਹੀਂ ਹੁੰਦੀ ਤੇ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ।

**ਬੱਚਿਆਂ ਦੀ ਸੁਰੱਖਿਆ:** ਹਰ ਕਿਸੇ ਨੂੰ ਤਿਉਹਾਰਾਂ ਦੀ ਉਡੀਕ ਰਹਿੰਦੀ ਹੈ। ਬੱਚਿਆਂ ਲਈ ਤਿਉਹਾਰ ਸੌਗਾਤਾਂ ਵਰਗੇ ਹੁੰਦੇ ਹਨ। ਬਾਲ ਮਨ ਹਰ ਪਲ ਖ਼ੁਸ਼ੀਆਂ ਨੂੰ ਬਟੋਰਨਾ ਲੋਚਦਾ ਹੈ। ਉਨ੍ਹਾਂ ਦੀ ਜ਼ਿੱਦ ਅੱਗੇ ਸਾਨੂੰ ਕਈ ਵਾਰ ਝੁਕਣਾ ਵੀ ਪੈਂਦਾ ਹੈ ਪਰ ਉਨ੍ਹਾਂ ਦੀ ਜ਼ਿੱਦ ਨੂੰ ਹੱਦ ਤੋਂ ਬਾਹਰ ਨਹੀਂ ਜਾਣ ਦੇਣਾ ਚਾਹੀਦਾ। ਕਈ ਵਾਰ ਬੱਚੇ ਪਟਾਕਿਆਂ ਤੋਂ ਡਰ ਕੇ ਦੌੜਦੇ-ਭੱਜਦੇ ਅਕਸਰ ਗੰਭੀਰ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਨਾਲ ਤਿਉਹਾਰਾਂ ਦਾ ਮਜ਼ਾ ਖ਼ਰਾਬ ਹੋ ਜਾਂਦਾ ਹੈ। ਦੀਵਾਲੀ ਮੌਕੇ ਬੱਚਿਆਂ ਦੀ ਸਿਹਤ ਤੇ ਸੁਰੱਖਿਆ ਦਾ ਧਿਆਨ ਰੱਖਣਾ ਬੇਹੱਦ ਜ਼ਰੂਰੀ ਹੈ।

ਬੱਚਿਓ! ਆਓ ਨਵੇਂ ਢੰਗ ਨਾਲ ਦੀਵਾਲੀ ਮਨਾਈਏ,
ਸਾਰੇ ਮਿਲ ਕੇ ਇੱਕ-ਇੱਕ ਰੁੱਖ ਲਗਾਈਏ।
ਰੱਖ ਲਗਾ ਕੇ ਜੱਗ ਦੀਆਂ ਅਸੀਸਾਂ ਝੋਲੀ ਪਾਈਏ,
ਆਓ! ਨਵੇਂ ਢੰਗ ਨਾਲ ਦੀਵਾਲੀ ਮਨਾਈਏ।

***– ਰਾਜਿੰਦਰ ਰਾਣੀ***
ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ

## ਸਾਰਿਆਂ ਘਰਾਂ ਦੇ ਵਿੱਚ ਦੀਵੇ ਰੱਖੀਂ ਜਗਦੇ

ਦੋਵੇਂ ਹੱਥ ਜੋੜ ਦਾਅਤਾ ਕਰਦੇ ਹਾਂ ਸਜਦੇ,
ਸਾਰਿਆਂ ਘਰਾਂ ਦੇ ਵਿੱਚ ਦੀਵੇ ਰੱਖੀਂ ਜਗਦੇ।

ਕਾਰੋਬਾਰ ਸਾਰੇ ਕਾਹਤੋਂ ਬੰਦ ਕਰਵਾਏ ਨੇ,
ਧਰਮ ਸਥਾਨਾਂ ਤੇ ਵੀ ਜ਼ਿੰਦਰੇ ਲਵਾਏ ਨੇ,
ਰਹਿੰਦੇ ਸ਼ਮਸ਼ਾਨ ਪਰ ਦਿਨ ਰਾਤ ਮਘਦੇ,
ਸਾਰਿਆਂ ਘਰਾਂ ਦੇ ਵਿੱਚ ਦੀਵੇ ਰੱਖੀਂ ਜਗਦੇ।

ਬੱਚਿਆਂ ਦੇ ਪਾਪ ਜਿਵੇਂ ਬਾਪ ਮੁਅਫ ਕਰਦੈ,
ਮਾੜੇ ਚੰਗੇ ਵੇਲੇ ਹੱਥ ਸਿਰ ਉੱਤੇ ਧਰਦੇ,
ਨੇਰੀਆਂ ਤੁਫ਼ਾਨ ਭਾਵੇਂ ਲੱਖਾਂ ਹੋਣ ਵਗਦੇ,
ਸਾਰਿਆਂ ਘਰਾਂ ਦੇ ਵਿੱਚ ਦੀਵੇ ਰੱਖੀਂ ਜਗਦੇ।

ਲੋਕਾਂ ਤੋਂ ਕਰਾਉਣੀਂ ਇੰਜ ਰੱਬਾ ਤੂੰ ਸਫ਼ਾਈ ਹੋਊ,
ਕੋਈ ਨਾ ਕੋਈ ਤਾਂ ਸਕੀਮ ਤੇਰੀ ਲਾਈ ਹੋਊ,
ਪੌਣ ਪਾਣੀ ਗੰਦੇ ਹੋਏ ਚੰਗੇ ਨਹੀਂ ਲਗਦੇ,
ਸਾਰਿਆਂ ਦੇ ਘਰਾਂ ਵਿੱਚ ਦੀਵੇ ਰੱਖੀਂ ਜਗਦੇ।

ਯਾਰ ਪਰਦੀਪ ਨੇ ਨਾ ਹੋਰ ਕੁਝ ਆਖਣਾ,
ਤੇਰੀ ਕਾਇਨਾਤ ਨੇ ਤਾਂ ਤੇਰੇ ਵੱਲ ਝਾਕਣਾ,
ਕਰੀਂ ਤੂੰ ਹਾਲਾਤ ਠੀਕ ਮਾੜੇ ਨੇ ਜੋ ਅੱਜ ਦੇ,
ਸਾਰਿਆਂ ਦੇ ਘਰਾਂ ਵਿੱਚ ਦੀਵੇ ਰੱਖੀਂ ਜਗਦੇ।

-ਯਾਰ ਪਰਦੀਪ

## ਓਹ ਪੰਜਾਬ

ਜਿਹੜਾ ਮਹਿਕਦਾ ਸੀ ਵਾਂਗਰ ਗੁਲਾਬ ਦੋਸਤੋ,
ਹੁਣ ਨਾ ਰਿਹਾ ਪੰਜਾਬ, ਓਹ ਪੰਜਾਬ ਦੋਸਤੋ।

ਨਾ ਦਿਖਦੇ ਨੇ ਰਿਵਾਜ਼, ਨਾ ਉਹ ਭਾਈਚਾਰਾ,
ਜੋ ਹੁਣ ਪੜ੍ਹਦੇ ਹਾਂ ਵਿਚ ਕਿਤਾਬ ਦੋਸਤੋ।

ਪਿੱਪਲ, ਬਰੋਟੇ, ਟਾਹਲੀ ਦਿਖਦੇ ਟਾਂਵੇ-ਟਾਂਵੇ,
ਛਾਂ ਜਿਹਨਾਂ ਦੀ ਹੁੰਦੀ ਸੀ ਬੇਹਿਸਾਬ ਦੋਸਤੋ।

ਗੱਲ ਕਰਾਂ ਮੈਂ ਕਿਹੜੇ- ਕਿਹੜੇ ਨਸ਼ਿਆਂ ਦੀ,
ਇੱਥੇ ਪਾਣੀ ਵਾਂਗੂ ਵਰਤੇ ਹੁਣ ਸ਼ਰਾਬ ਦੋਸਤੋ।

ਕੀ ਪਾਇਆ ਹੈ ਤੇ ਕੀ-ਕੀ ਗੁਆ ਲਿਆ ਏ?
ਬਣ ਕੇ ਮਾਡਰਨ ਲਾਓ ਜਰਾ ਹਿਸਾਬ ਦੋਸਤੋ।

ਰਣਜੀਤ ਸਿੰਘ ਜਿਹਾ ਰਾਜ ਨਹੀਓ ਲਭਣਾ ਕਿਤੇ,
ਇੱਥੇ ਵਿਕਦੇ ਨੇ ਛੋਟੇ-ਵੱਡੇ ਸਾਬ੍ਹ ਦੋਸਤੋ।

ਰੁਲਦੀ ਕਿਰਸਾਨੀ, ਹੋਏ ਨਸ਼ੇੜੀ ਬੇਰੁਜ਼ਗਾਰ,
ਗਿੱਲ, ਹਾਕਮਾਂ ਤੋਂ ਮੰਗੇ ਕੋਈ ਜਵਾਬ ਦੋਸਤੋ।

- ਮਨਦੀਪ ਗਿੱਲ ਧੜਾਕ

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨਾਲ ਸਾਂਝਾ ਕਰੋ!
'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...
ਆਪਣੇ ਸਮਾਗਮਾਂ ਦਾ ਸਿੱਧਾ ਪ੍ਰਸ਼ਾਰਨ ਕਰਵਾਓ !
'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ...



# ਅਖੰਡ ਸੁਹਾਗ ਦੀ ਪ੍ਰਾਰਥਨਾ - ਕਰਵਾ ਚੌਥ ਦੇ ਵਰਤ

## ਸਿੱਖ ਧਰਮ ਅਨੁਸਾਰ ਕਰਵਾ ਚੌਥ ਦੇ ਵਰਤ ਦੀ ਮਨਾਹੀ ਹੈ ਪਰ ਫਿਰ ਵੀ ਬਹੁਤ ਸਾਰੀਆਂ ਸਿੱਖ ਧਰਮ ਨਾਲ ਸੰਬੰਧਤ ਔਰਤਾਂ ਦੂਸਰੀਆਂ ਔਰਤਾਂ ਵਾਂਗ ਕਰਵਾ ਚੌਥ ਦਾ ਵਰਤ ਰੱਖਦੀਆਂ ਹਨ

ਕਰਵਾ ਚੌਥ ਦੇ ਵਰਤ ਦਾ ਤਿਉਹਾਰ ਅੱਜਕਲ੍ਹ ਔਰਤਾਂ ਦਾ ਸਭ ਤੋਂ ਖਾਸ ਤਿਉਹਾਰ ਬਣਦਾ ਜਾ ਰਿਹਾ ਹੈ। ਇਸ ਦੇ ਇਤਿਹਾਸਕ ਪਿਛੋਕੜ ਅਤੇ ਧਾਰਮਿਕ ਰਸਮਾਂ ਬਾਰੇ ਚਾਹੇ ਕਿਸੇ ਨੂੰ ਨਾ ਪਤਾ ਹੋਵੇ ਪਰ ਇਸ ਦੀ ਚਮਕ-ਦਮਕ ਸਭ ਦੇ ਮਨ ਨੂੰ ਟੁੰਭਦੀ ਹੈ। ਪਤੀ ਦੀ ਲੰਮੀ ਉਮਰ ਦੀ ਕਾਮਨਾ ਕਰਨ ਵਾਸਤੇ ਰੱਖੇ ਜਾਂਦੇ ਕਰਵਾ ਚੌਥ ਦੇ ਵਰਤ ਦੀ ਮੁੱਖ ਭਾਵਨਾ ਤਾਂ ਉਹੀ ਹੈ ਜੋ ਸਦੀਆਂ ਤੋਂ ਚਲੀ ਆ ਰਹੀ ਹੈ ਪਰ ਇਸ ਦੇ ਪ੍ਰਗਟਾਵੇ ਦੇ ਜ਼ਰੀਏ ਸਮੇਂ-ਸਮੇਂ ਬਦਲਦੇ ਰਹਿੰਦੇ ਹਨ। ਸੁਹਾਗਣਾਂ ਦਾ ਇਹ ਤਿਉਹਾਰ ਕੱਤਕ ਮਹੀਨੇ ਦੀ ਚੌਥੀ ਤਿਥੀ ਨੂੰ ਆਉਂਦਾ ਹੈ।

ਕਰਵਾ ਚੌਥ ਦੇ ਵਰਤ ਦੀ ਸ਼ੁਰੂਆਤ ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਸੁਬਹ ਸੂਰਜ ਨਿਕਲਣ ਤੋਂ ਪਹਿਲਾਂ ਸੱਸ ਬਹੂ ਨੂੰ ਸਰਗੀ ਦਿੰਦੀ ਹੈ ਜਿਸ ਵਿਚ ਸਾਰੇ ਸੁਹਾਗ ਚਿੰਨ੍ਹ, ਗਹਿਣੇ, ਟਿੱਕਾ, ਮਹਿੰਦੀ, ਸੰਧੂਰ, ਫੈਣੀਆਂ, ਮਿਠਾਈ ਆਦਿ ਹੁੰਦੇ ਹਨ। ਇਸ ਤੋਂ ਬਾਅਦ ਸੱਸ ਅਤੇ ਨੂੰਹ ਆਲੂ ਗੋਭੀ ਦੀ ਸਬਜ਼ੀ, ਫੈਣੀਆਂ, ਖੀਰ ਆਦਿ ਖਾਂਦੀਆਂ ਹਨ। ਸਰਗੀ ਤੋਂ ਬਾਅਦ ਨੂੰਹ ਆਪਣੇ ਸਹੁਰੇ, ਪਤੀ ਅਤੇ ਦੂਸਰੇ ਵਡ ਵਡੇਰਿਆਂ ਤੋਂ ਅਸ਼ੀਰਵਾਦ ਲੈਂਦੀ ਹੈ। ਹੱਥ ਵਿਚ ਚੂੜੀਆਂ, ਮੱਥੇ 'ਤੇ ਬਿੰਦੀ, ਅੱਖ 'ਚ ਕੱਜਲ, ਪੈਰਾਂ 'ਚ ਪੰਜੇਬਾਂ ਆਦਿ ਸੁਹਾਗ ਦੇ ਪ੍ਰਤੀਕ ਧਾਰਣ ਕਰਕੇ ਸੁਹਾਗਣਾਂ ਦੁਪਹਿਰ ਤੋਂ ਬਾਅਦ ਸ਼ਿੰਗਾਰ ਨਾਲ ਸਜੀਆਂ ਪੂਜਾ ਦੀਆਂ ਥਾਲੀਆਂ ਲੈ ਕੇ ਇਕ ਥਾਂ 'ਤੇ ਇਕੱਠੀਆਂ ਹੁੰਦੀਆਂ ਹਨ ਅਤੇ ਪੰਡਤਾਈ ਤੋਂ ਕਥਾ ਸੁਣਦੀਆਂ ਹਨ। ਕਥਾ ਸੁਣਨ ਉਪਰੰਤ ਸੁਹਾਗ ਦੀਆਂ ਚੀਜ਼ਾਂ ਪੰਡਤਾਈ ਨੂੰ ਭੇਂਟ ਕਰਦੀਆਂ ਹਨ। ਹੱਥ ਵਿਚ ਚੌਲਾਂ ਦੇ ਦਾਣੇ ਲੈ ਕੇ ਕਥਾ ਸੁਣਦੀਆਂ ਹਨ।

ਕਰਵੇ ਦੀ ਕਥਾ ਇਸ ਪ੍ਰਕਾਰ ਹੈ ਕਿ ਇਕ ਵਾਰ ਕਰਵਾ ਚੌਥ ਵੇਲੇ ਵੀਰਵਤੀ ਨਾਂ ਦੀ ਇਕ ਔਰਤ ਦੀਆਂ ਭਾਬੀਆਂ ਨੇ ਵਿਧੀ ਵਿਧਾਨ ਨਾਲ ਵਰਤ ਰੱਖਿਆ ਪਰ ਵੀਰਵਤੀ ਸਾਰਾ ਦਿਨ ਬਿਨਾਂ ਅੰਨ ਜਲ ਰਹਿ ਨਾ ਸਕੀ ਅਤੇ ਨਿਢਾਲ ਹੋ ਗਈ। ਭਰਾ ਆਪਣੀ ਭੈਣ ਦੀ ਇਹ ਹਾਲਤ ਨਾ ਦੇਖ ਸਕੇ। ਉਨ੍ਹਾਂ ਨੇ ਇਕ ਯੋਜਨਾ ਬਣਾਈ। ਖੇਤ ਵਿਚ ਜਾ ਕੇ ਅੱਗ ਬਾਲੀ ਅਤੇ ਕੱਪੜੇ ਉੱਪਰ ਚੰਦਰਮਾ ਵਰਗਾ ਅਕਾਰ ਬਣਾ ਕੇ ਘਰ ਜਾ ਕਾ ਵੀਰਵਤੀ ਨੂੰ ਚੰਦ ਉਦੈ ਹੋਣ ਦਾ ਸੁਨੇਹਾ ਦਿੱਤਾ। ਵੀਰਵਤੀ ਨੇ ਉਸ ਨਕਲੀ ਚੰਦਰਮਾ ਨੂੰ ਦੇਖ ਕੇ ਅਰਘ ਦਿੱਤਾ ਅਤੇ ਭੋਜਨ ਕਰ ਲਿਆ। ਜਿਸ ਨਾਲ ਉਸ਼ਦਾ ਵਰਤ ਖੰਡਤ ਹੋ ਗਿਆ। ਉਸਦਾ ਪਤੀ ਇਸ ਤੋਂ ਬਾਅਦ ਅਚਾਨਕ ਬੀਮਾਰ ਹੋ ਗਿਆ। ਇਸ ਦੌਰਾਨ ਦੇਵਰਾਜ ਇੰਦਰ ਦੀ ਪਤਨੀ ਇੰਦਰਾਣੀ ਵੀ ਵਰਤ ਪੂਰਾ ਕਰਨ ਲਈ ਧਰਤੀ 'ਤੇ ਆ ਗਈ। ਇਸ ਗੱਲ ਦਾ ਪਤਾ ਲੱਗਣ ਤੇ ਵੀਰਵਤੀ ਨੇ ਇੰਦਰਾਣੀ ਕੋਲ ਪ੍ਰਾਰਥਨਾ ਕੀਤੀ। ਇੰਦਰਾਣੀ ਨੇ ਕਿਹਾ ਕਿ ਜੇ ਤੂੰ ਵਰਤ ਨੂੰ ਪੂਰਨ ਵਿਧੀ ਨਾਲ ਪੂਰਾ ਕਰੇਂ ਤਾਂ ਤੇਰਾ ਪਤੀ ਠੀਕ ਹੋ ਜਾਵੇਗਾ। ਇਹ ਕਥਾ ਵਰਤ ਦੀ ਮਹੱਤਤਾ ਨੂੰ ਦਰਸਾਉਂਦੀ ਹੈ।

ਕਥਾ ਸੁਣਨ ਤੋਂ ਬਾਅਦ ਬਹੂ ਆਪਣੀ ਸੱਸ ਕੋਲੋਂ ਅਸ਼ੀਰਵਾਦ ਲੈਂਦੀ ਹੈ ਅਤੇ ਉਸ ਨੂੰ ਸੂਟ-ਸਾੜ੍ਹੀ, ਸ਼ਗਨ ਅਤੇ ਸ਼ਿੰਗਾਰ ਦਾ ਸਮਾਨ ਭੇਟ ਕਰਦੀ ਹੈ। ਸੱਸ ਆਪਣੀ ਬਹੂ ਨੂੰ ਸਦਾ ਸੁਹਾਗਣ ਰਹਿਣ ਦਾ ਅਸ਼ੀਰਵਾਦ ਦਿੰਦੀ ਹੈ। ਪਾਣੀ ਦੀ ਗੜਵੀ ਅਤੇ ਅੰਨ ਦੇ ਦਾਣੇ ਵੱਖ ਰੱਖ ਕੇ ਰਾਤ ਨੂੰ ਚੰਦਰਮਾ ਨਿਕਲਣ 'ਤੇ ਉਸ ਜਲ ਵਿਚ ਅੰਨ ਦੇ ਦਾਣੇ ਪਾ ਕੇ ਅਰਘ ਦਿੱਤਾ ਜਾਂਦਾ ਹੈ। ਅਰਘ ਦੇ ਕੇ ਪਤੀ ਦੇ ਹੱਥੋਂ ਜਲ ਗ੍ਰਹਿਣ ਕਰਨ ਤੋਂ ਬਾਅਦ ਭੋਜਨ ਕੀਤਾ ਜਾਂਦਾ ਹੈ। ਨਵਵਿਆਹੀਆਂ ਪਹਿਲਾ ਕਰਵਾ ਚੌਥ ਤੇਰਾ ਕਰਵੇ ਰੱਖ ਕੇ ਵਰਤ ਕਰਦੀਆਂ ਹਨ। ਬਾਅਦ ਵਿਚ ਦੋ ਕਰਵੇ, ਤਿੰਨ ਚੱਪਣੀਆਂ ਰੱਖ ਕੇ ਵੀ ਵਰਤ ਰੱਖਿਆ ਜਾਂਦਾ ਹੈ। ਕਰਵਾ ਚੌਥ ਦੇ ਦਿਨ ਚੰਦਰਮਾ ਦੀ ਪੂਜਾ ਦੀ ਧਾਰਮਿਕ ਅਤੇ ਵਿਗਿਆਨਕ ਮਹੱਤਤਾ ਹੈ। ਹਿੰਦੂ ਧਰਮ ਅਨੁਸਾਰ ਚੰਦਰਮਾ ਨੂੰ ਮੁਹੱਬਤ ਦਾ ਦੇਵਤਾ ਮੰਨਿਆ ਜਾਂਦਾ ਹੈ ਇਸ ਲਈ ਆਪਣੇ ਪਿਆਰੇ ਦੀ ਲੰਮੀ ਉਮਰ ਦੀ ਦੁਆ ਮੰਗਣ ਅਤੇ ਵਰਤ ਤੋਂ ਬਾਅਦ ਮੁਹੱਬਤ ਦੇ ਦੇਵਤਾ ਚੰਦਰਮਾ ਨੂੰ ਅਰਘ ਚੜ੍ਹਾਇਆ ਜਾਂਦਾ ਹੈ।

ਜੋਤਿਸ਼ ਅਨੁਸਾਰ ਚੰਦਰਮਾ ਮਨ ਦਾ ਕਾਰਕ ਗ੍ਰਹਿ ਹੈ। ਉਹ ਇਸ ਲਈ ਕਿ ਜਿਵੇਂ ਚੰਦਰਮਾ ਦਾ ਅਕਾਰ ਵਧਦਾ ਘਟਦਾ ਰਹਿੰਦਾ ਹੈ, ਵੈਸੀ ਹੀ ਮਨੁੱਖੀ ਮਨ ਦੀ ਅਵਸਥਾ ਬਦਲਦੀ ਰਹਿੰਦੀ ਹੈ। ਮਨ ਆਪਣੇ ਪ੍ਰੀਤਮ ਪਿਆਰੇ ਅਤੇ ਸਖ਼ੀ ਸੰਗ ਜੁੜਿਆ ਰਹੇ ਅਤੇ ਆਪਸੀ ਪਿਆਰ ਵਧਦਾ ਰਹੇ, ਇਸ ਲਈ ਚੰਦਰਮਾ ਨੂੰ ਅਰਘ ਚੜ੍ਹਾ ਕੇ ਉਸ ਦੀ ਲੰਮੀ ਉਮਰ ਅਤੇ ਪ੍ਰੇਮ ਦੀ ਸਥਿਰਤਾ ਲਈ ਕਾਮਨਾ ਕੀਤੀ ਜਾਂਦੀ ਹੈ। ਸਿੱਖ ਧਰਮ ਅਨੁਸਾਰ ਕਰਵਾ ਚੌਥ ਦੇ ਵਰਤ ਦੀ ਮਨਾਹੀ ਹੈ ਪਰ ਫਿਰ ਵੀ ਬਹੁਤ ਸਾਰੀਆਂ ਸਿੱਖ ਧਰਮ ਨਾਲ ਸੰਬੰਧਤ ਔਰਤਾਂ ਦੂਸਰੀਆਂ ਔਰਤਾਂ ਵਾਂਗ ਕਰਵਾ ਚੌਥ ਦਾ ਵਰਤ ਰੱਖਦੀਆਂ ਹਨ।

ਵਿਗਿਆਨਕ ਮਾਨਤਾ ਅਨੁਸਾਰ ਚੰਦ੍ਰਮਾ ਦਾ ਪ੍ਰਭਾਵ ਮਨੁੱਖੀ ਮਨ ਉੱਪਰ ਵੀ ਪੈਂਦਾ ਹੈ। ਇਸ ਲਈ ਚੰਦਰਮਾ ਦਾ ਦਰਸ਼ਨ ਕਰਨ ਨਾਲ ਇਸ ਦੀਆਂ ਕਿਰਨਾਂ ਦਾ ਪ੍ਰਭਾਵ ਸਿੱਧੇ ਤੌਰ 'ਤੇ ਮਨੁੱਖੀ ਉਪਰ ਪੈ ਕੇ ਮਨ ਦੇ ਭਾਵਾਂ ਨੂੰ ਮਜ਼ਬੂਤ ਕਰਦਾ ਹੈ ਜਿਸ ਨਾਲ ਮਾਨਸਿਕ ਸ਼ਕਤੀ ਪ੍ਰਾਪਤ ਹੁੰਦੀ ਹੈ। ਇਸ ਲਈ ਜੇ ਚੰਦਰਮਾ ਸ਼ੁੱਭ ਹੋਵੇਗਾ ਤਾਂ ਮਨ ਦੇ ਵਿਚਾਰ ਵੀ ਸ਼ੁੱਭ ਹੋਣਗੇ। ਮਨ ਦੇ ਵਿਚਾਰ ਸ਼ੁੱਭ ਹੋਣਗੇ ਤਾਂ ਘਰ ਪਰਿਵਾਰ ਵਿਚ ਆਪਸੀ ਪ੍ਰੇਮ, ਭਰੋਸਾ ਅਤੇ ਵਿਸ਼ਵਾਸ ਵਧੇਗਾ।

ਅਖੀਰ ਵਿਚ ਇਹ ਕਹਿ ਸਕਦੇ ਹਾਂ ਕਿ ਕਾਰਨ ਚਾਹੇ ਕੋਈ ਵੀ ਹੋਵੇ ਜੇਕਰ ਕੋਈ ਤਿਉਹਾਰ ਸਾਡੇ ਮਨ ਨੂੰ ਖੁਸ਼ੀ, ਸੰਤੁਸ਼ਟੀ ਅਤੇ ਸਕੂਨ ਪ੍ਰਦਾਨ ਕਰਦਾ ਹੈ ਤਾਂ ਸਾਨੂੰ ਉਸ ਤਿਉਹਾਰ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ।

-ਭਵਨਦੀਪ ਸਿੰਘ ਪੁਰਬਾ

### ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ ਸਾਡਾ ਪੰਜਾਬੀ ਵਿਰਸਾ

013

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)





01. ਕਿਸੇ ਜਗ੍ਹਾ ਤੋਂ ਅੱਗੇ ਲਈ ਤੁਰਣ ਨੂੰ 'ਕੂਚ ਕਰਨਾ' ਕਹਿੰਦੇ ਹਨ।
02. 'ਗੁੱਝਾ' ਸ਼ਬਦ ਦਾ ਮਤਲਬ ਹੈ ਗੁਪਤ।
03. ਧੋਖੇਬਾਜ ਤੇ ਕਪਟੀ ਵਿਅਕਤੀ ਨੂੰ 'ਦਗਾਬਾਜ' ਕਿਹਾ ਜਾਂਦਾ ਹੈ।
04. ਸਹੁਰੇ ਪ੍ਰੀਵਾਰ ਵੱਲੋਂ ਆਪਣੀ ਨੂੰਹ ਨੂੰ 'ਬਹੂ' ਨੂੰ ਕਿਹਾ ਜਾਂਦਾ ਹੈ।
05. 'ਵਿਟਰ ਜਾਣਾ' ਦਾ ਮਤਲਬ ਹੈ 'ਨਰਾਜ਼' ਹੋ ਜਾਣਾ ਹੁੰਦਾ ਹੈ।
06. ਸੰਕਟ ਜਾਂ ਮੁਸੀਬਤ ਨੂੰ 'ਆਫਤ' ਕਿਹਾ ਜਾਂਦਾ ਹੈ।
07. ਕਿਸੇ ਦੁੱਖ ਭਰੇ ਸਮੇਂ ਨੂੰ ਸੋਗ ਦਾ ਵਕਤ ਕਿਹਾ ਜਾਂਦਾ ਹੈ, ਖਾਸ ਕਰਕੇ ਕਿਸੇ ਮਰਗ ਦੇ ਸਮੇਂ ਨੂੰ ਸੋਗ ਪੈ ਜਾਣਾ ਕਹਿੰਦੇ ਹਨ।
08. ਮਿੱਤਰ ਜਾਂ ਆਪਣੇ ਖਾਸ ਨੇੜੇ ਦੇ ਵਿਅਕਤੀ ਜੋ ਦਿਲ ਦੇ ਨੇੜੇ ਹੋਵੇ ਉਸ ਨੂੰ 'ਅੜਿਆ' ਕਹਿ ਕੇ ਬੁਲਾਇਆ ਜਾਂਦਾ ਹੈ।
09. 'ਲੀਕ ਲਾਉਣੀ' ਦਾ ਕੀ ਮਤਲਬ ਹੈ ਬਦਨਾਮੀ ਕਰਵਾਉਣੀ।
10. ਰਜਾਈ, ਗਦੇਲੇ, ਸਿਰਹਾਣੇ ਆਦਿ ਦੇ ਉੱਪਰ ਚੜਾਇਆ ਜਾਣ ਵਾਲੇ ਕੱਪੜੇ ਨੂੰ 'ਛਾੜ' ਜਾਂ 'ਉਛਾੜ' ਕਿਹਾ ਜਾਦਾ ਹੈ।



ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988



ਕਰਵਾ ਚੌਥ ਦੇ ਮੌਕੇ ਮਹਿੰਦੀ ਲਗਾਉਂਦੀਂ ਇੱਕ ਮੁਟਿਆਰ... ਫੋਟੋ ਤੇ ਕੈਪਸ਼ਨ: ਭਵਨਦੀਪ ਸਿੰਘ ਪੁਰਬਾ
ਬਦਲਦੇ ਜਮਾਨੇ ਦੇ ਨਾਲ ਚਾਹੇ ਦਿਨ ਤਿਉਹਾਰ ਫਿਕੇ ਪੈ ਰਹੇ ਹਨ, ਰੀਤੀ ਰਿਵਾਜਾਂ ਦਾ ਬਜਾਰੀਕਰਨ ਹੋ ਗਿਆ ਹੈ ਪਰ ਪੰਜਾਬੀ ਵਿਰਸੇ ਦੇ ਤਿਉਹਾਰ ਹਾਲੇ ਵੀ ਆਪਣੀ ਖਾਸੀਅਤ ਕਰਕੇ ਨਵੀਂ ਪੀੜੀ ਨੂੰ ਆਪਣੇ ਨਾਲ ਜੋੜੀ ਬੇਠੈ ਹਨ ।

ਸਭਾ, ਸੁਸਾਇਟੀਆਂ, ਕਲੱਬਾ ਅਤੇ ਸੰਸਥਾਵਾਂ ਲਈ ਸ਼ਪੈਸਲ
ਸ਼ਨਾਖਤੀ ਕਾਰਡ (Digital PVC ਆਈ-ਕਾਰਡ)


ਅਤੇ ਨਿਯੁਕਤੀ ਪੱਤਰ
ਬਣਵਾਉਣ ਲਈ ਸੰਪਰਕ ਕਰੋ!


ਮਹਿਕ ਵਤਨ ਦੀ ਐਡਵੋਟਾਈਜ਼ਰਮੈਂਟ ਕੰਪਨੀ (ਰਜਿ:)
Help Line: 9988 92 9988
www.mehakwatandilive.com




# ਪਸੀਨੇ ਦੀ ਬਦਬੂ ਦਾ ਕੁਦਰਤੀ ਇਲਾਜ

ਗਰਮੀ ਆਉਂਦੀ ਵੇਖ ਕੇ ਸਭ ਦੇ ਪਸੀਨੇ ਛੁੱਟਣ ਲੱਗ ਜਾਂਦੇ ਹਨ। ਪਰ ਪਸੀਨੇ-ਪਸੀਨੇ ਵਿਚ ਫਰਕ ਹੁੰਦਾ ਹੈ। ਇਕ ਪਸੀਨਾ ਉਹ ਹੁੰਦਾ ਹੈ ਜੋ ਕਿਸੇ ਤੋਂ ਡਰ ਕੇ ਆਉਂਦਾ ਹੈ, ਇਕ ਉਹ ਜੋ ਕਿਸੇ ਦੁਸ਼ਮਣ ਨੂੰ ਦੇਖ ਕੇ ਆਉਂਦਾ ਹੈ, ਘਬਰਾਓ ਨਹੀਂ! ਇੱਥੇ ਗਰਮੀ ਦੇ ਕਾਰਨ ਆਉਣ ਵਾਲੇ ਪਸੀਨੇ ਦੀ ਬਦਬੂ ਦੇ ਕੁਦਰਤੀ ਇਲਾਜ ਬਾਰੇ ਜਾਣਕਾਰੀ ਹਾਸਲ ਕਰਾਂਗੇ। ਪਸੀਨਾ ਤਾਂ ਹਰੇਕ ਨੂੰ ਆਉਂਦਾ ਹੈ ਪਰ ਕੁਝ ਲੋਕਾਂ ਦਾ ਪਸੀਨਾ ਏਨਾ ਜ਼ਿਆਦਾ ਬਦਬੂਦਾਰ ਹੁੰਦਾ ਹੈ ਕਿ ਉਨ੍ਹਾਂ ਕੋਲ ਖੜ੍ਹੇ ਵੀ ਨਹੀਂ ਹੋਇਆ ਜਾ ਸਕਦਾ। ਪਸੀਨੇ ਦੀ ਬਦਬੂ ਇਕ ਚੰਗੇ-ਭਲੇ ਵਿਅਕਤੀਤਵ ਦੀ ਚਮਕ ਫਿੱਕੀ ਕਰ ਕੇ ਰੱਖ ਦੇਂਦੀ ਹੈ। ਅਜਿਹਾ ਨਹੀਂ ਕਿ ਬਦਬੂਦਾਰ ਪਸੀਨਾ ਆਉਣ ਵਾਲੇ ਵਿਅਕਤੀਆਂ ਨੂੰ ਇਸ ਦਾ ਅਹਿਸਾਸ ਨਹੀਂ ਹੁੰਦਾ ਕਿ ਉਨ੍ਹਾਂ ਦਾ ਪਸੀਨਾ ਬਦਬੂਦਾਰ ਹੈ, ਉਨ੍ਹਾਂ ਨੂੰ ਇਸ ਬਾਰੇ ਪਤਾ ਹੁੰਦਾ ਹੈ ਅਤੇ ਉਹ ਮਨ ਹੀ ਮਨ ਇਸ ਬਾਰੇ ਸੋਚ ਕੇ ਹੀਣਭਾਵਨਾ ਨਾਲ ਪੀੜਤ ਹੋ ਜਾਂਦੇ ਹਨ। ਇਹ ਲੇਖ ਪਸੀਨੇ ਦੀ ਬਦਬੂ ਦੇ ਕੁਦਰਤੀ ਇਲਾਜ ਬਾਰੇ ਅਜਿਹੇ ਹੀ ਲੋਕਾਂ ਨੂੰ ਜਾਣਕਾਰੀ ਦੇਣ ਲਈ ਹੈ। ਕੁਝ ਲੋਕ ਪਰਫਿਊਮ ਐਂਟੀਪਰਸਪਾਯਰੇਂਟ ਤੇ ਡਿਓਡਰੈਂਟ ਦਾ ਇਸਤੇਮਾਲ ਆਪਣੇ ਸਰੀਰ ਤੇ ਕਰਕੇ ਆਪਣੇ ਪਸੀਨੇ ਦੀ ਬਦਬੂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦੇ ਹਨ। ਪਰ ਅਜਿਹੇ ਲੋਕਾਂ ਨੂੰ ਅਸੀਂ ਦਸ ਦੇਈਏ ਕਿ ਐਂਟੀਪਰਸਪਾਯਰੇਂਟ ਜਿਸ ਦਾ ਕੰਮ ਪਸੀਨੇ ਨੂੰ ਰੋਕਣਾ ਹੈ ਅਤੇ ਡਿਓਡਰੈਂਟ ਜਿਸ ਦਾ ਕੰਮ ਪਸੀਨੇ ਦੀ ਬਦਬੂ ਨੂੰ ਰੋਕਣਾ ਹੁੰਦਾ ਹੈ, ਵਿਚ ਅਜਿਹੇ ਤੱਤਾਂ ਦੀ ਭਰਮਾਰ ਹੁੰਦੀ ਹੈ ਜੋ ਬੈਕਟੀਰੀਆ ਨੂੰ ਖਤਮ ਨਾ ਕਰਕੇ ਉਨ੍ਹਾਂ ਦੀ ਮਾਤਰਾ ਵਿਚ ਵਾਧਾ ਕਰ ਦੇਂਦੇ ਹਨ। ਐਂਟੀਪਰਸਪਾਯਰੇਂਟ ਪਸੀਨੇ ਨੂੰ ਰੋਕਣ ਤੇ ਬੈਕਟੀਰੀਆਵਾਂ ਨੂੰ ਨਾਸ ਕਰਨ ਵਿਚ ਸਫਲਤਾ ਤਾਂ ਪ੍ਰਾਪਤ ਕਰ ਲੈਂਦੇ ਹਨ ਪਰ ਕਈ ਵਾਰ ਇਨ੍ਹਾਂ ਦੇ ਇਸਤੇਮਾਲ ਨਾਲ ਸਰੀਰ ਵਿਚ ਅਲਰਜੀ ਪੈਦਾ ਹੋ ਜਾਂਦੀ ਹੈ।

**ਕਿਉਂ ਆਉਂਦੀ ਹੈ ਪਸੀਨੇ ਵਿੱਚੋਂ ਬਦਬੂ?** : ਸਾਡੇ ਸਰੀਰ ਦੀ ਚਮੜੀ ਦੇ ਰੋਮਕੂਪਾਂ ਵਿੱਚੋਂ ਜਿਸ ਵਕਤ ਪਸੀਨਾ ਬਾਹਰ ਆਉਂਦਾ ਹੈ, ਉਸ ਵਕਤ ਉਹ ਗੰਧਹੀਣ ਹੁੰਦਾ ਹੈ, ਪਸੀਨੇ ਦੇ ਨਾਲ ਯੂਰੀਆ, ਨਮਕ, ਪ੍ਰੋਟੀਨ, ਵਸਾ ਦਾ ਨਿਕਾਸ ਹੁੰਦਾ ਹੈ¢ ਪਸੀਨੇ ਦਾ ਵਾਸ਼ਪੀਕਰਨ ਨਾ ਹੋਣ ਦੀ ਅਵਸਥਾ ਵਿਚ ਚਮੜੀ ਤੇ ਮੌਜੂਦ ਬੈਕਟੀਰੀਆ ਵਸਾ ਤੇ ਪ੍ਰੋਟੀਨ ਨਾਲ ਕ੍ਰਿਆ ਕਰਕੇ ਇਨ੍ਹਾਂ ਨੂੰ ਅਮੋਨੀਆ ਦੇ ਅਮਲ ਵਿਚ ਬਦਲ ਦੇਂਦੇ ਹਨ। ਅਮਲ ਤੇ ਅਮੋਨੀਆ ਦੀ ਉਤਪਤੀ ਕਾਰਨ ਹੀ ਪਸੀਨਾ ਬਦਬੂ ਵਾਲਾ ਬਣ ਜਾਂਦਾ ਹੈ¢

**ਕਿਉਂ ਆਉਂਦਾ ਹੈ ਪਸੀਨਾ?** : ਮਨੁੱਖੀ ਸਰੀਰ ਦੀ ਚਮੜੀ ਦੇ ਹੇਠਾਂ 20 ਲੱਖ ਦੇ ਆਸਪਾਸ ਪਸੀਨੇ ਵਾਲੀਆਂ ਗ੍ਰੰਥੀਆਂ ਹੁੰਦੀਆਂ ਹਨ। ਇਹ ਪਸੀਨਾ ਗ੍ਰੰਥੀਆਂ ਹੀ ਪਸੀਨੇ ਦਾ ਨਿਰਮਾਣ ਕਰਦੀਆਂ ਹਨ। ਹਰੇਕ ਗ੍ਰੰਥੀ ਵਿਚ



ਬਹੁਤ ਹੀ ਨਾਜ਼ੁਕ ਤੇ ਛੋਟੀਆਂ-ਛੋਟੀਆਂ ਟਿਊਬਾਂ ਹੁੰਦੀਆਂ ਹਨ। ਇਨ੍ਹਾਂ ਟਿਊਬਾਂ ਦਾ ਮੂੰਹ ਸਰੀਰ ਦੀ ਚਮੜੀ ਦੀ ਅੰਦਰੂਨੀ ਪਰਤ ਡਰਮਿਸ 'ਚ ਥੋੜ੍ਹਾ ਉਪਰ ਹੁੰਦੇ ਹੋਏ ਚਮੜੀ ਦੀ ਉਪਰਲੀ ਪਰਤ ਤੇ ਆ ਕੇ ਖੁੱਲ੍ਹਦਾ ਹੈ। ਇਨ੍ਹਾਂ ਗ੍ਰੰਥੀਆਂ ਰਾਹੀਂ ਹੀ ਨਮਕ ਮਿਸ਼ਰਤ, ਵਸਾ ਮਿਸ਼ਰਤ, ਪ੍ਰੋਟੀਨ ਮਿਸ਼ਰਤ ਪਾਣੀ ਦਾ ਰਿਸਾਵ ਹੁੰਦਾ ਹੈ। ਸਰੀਰ ਦੇ ਤਾਪਮਾਨ ਨੂੰ ਨਿਯੰਤ੍ਰਿਤ ਕਰਨ ਚ ਇਹ ਗ੍ਰੰਥੀਆਂ ਮੁੱਖ ਭੂਮਿਕਾ ਨਿਭਾਉਂਦੀਆਂ ਹਨ। ਤੁਹਾਨੂੰ ਇਕ ਗੱਲ ਹੋਰ ਦੱਸ ਦੇਈਏ ਕਿ ਸਾਡੀ ਤੰਦਰੁਸਤੀ ਲਈ ਪਸੀਨਾ ਆਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਦੇ ਕਾਰਨ ਹੀ ਸਾਡੇ ਸਰੀਰ ਦਾ ਤਾਪਮਾਨ ਨਿਯੰਤ੍ਰਣ ਵਿਚ ਰਹਿੰਦਾ ਹੈ।

**ਬਦਬੂ ਤੋਂ ਬਚਾਅ** - ਇਕ ਵਾਰ ਪਹਿਨੇ ਹੋਏ ਕੱਪੜਿਆਂ ਨੂੰ ਬਿਨਾਂ ਧੋਤੇ ਅਲਮਾਰੀ 'ਚ ਨਾ ਰੱਖੋ। ਬਿਨਾਂ ਧੋਤੇ ਕੱਪੜਿਆਂ ਨੂੰ ਅਲਮਾਰੀ ਵਿਚ ਰੱਖਣ ਨਾਲ ਬਦਬੂ ਪੈਦਾ ਕਰਨ ਵਾਲੇ ਬੈਕਟੀਰੀਆ ਕ੍ਰਿਆਸ਼ੀਲ ਹੋ ਕੇ ਕੱਪੜਿਆਂ ਵਿਚ ਬਦਬੂ ਪੈਦਾ ਕਰ ਦੇਂਦੇ ਹਨ। ਸਰੀਰ ਦੀ ਸਾਫ ਸਫਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਨਿੰਮ ਵਾਲੇ ਸਾਬਣ ਦਾ ਨਹਾਉਂਦੇ ਸਮੇਂ ਇਸਤੇਮਾਲ ਕਰੋ ਤਾਂ ਚੰਗਾ ਰਹੇਗਾ। ਜਿੱਥੋਂ ਤਕ ਹੋ ਸਕੇ ਸਖ਼ਤ ਧੁੱਪ ਤੋਂ ਬਚੋ। ਕੱਪੜੇ ਅਜਿਹੇ ਪਹਿਨੋ ਜੋ ਸਰੀਰ ਨਾਲ ਚਿਪਕੇ ਹੋਏ ਨਾ ਹੋਣ ਕਿਉਂਕਿ ਤੰਗ ਕੱਪੜਿਆਂ ਵਿਚ ਜ਼ਿਆਦਾ ਪਸੀਨਾ ਆਉਂਦਾ ਹੈ ਅਤੇ ਵਾਸ਼ਪੀਕਰਨ ਸਹੀ ਢੰਗ ਨਾਲ ਨਹੀਂ ਹੁੰਦਾ ਜਿਸ ਕਾਰਨ ਕੱਪੜਿਆਂ ਵਿੱਚੋਂ ਬਦਬੂ ਆਉਣ ਲੱਗਦੀ ਹੈ। ਸਿੰਥੈਟਿਕ ਕੱਪੜੇ ਨਾ ਪਹਿਨ ਕੇ ਸੂਤੀ ਕੱਪੜੇ ਪਹਿਨੋ ਤਾਂ ਜ਼ਿਆਦਾ ਠੀਕ ਰਹੇਗਾ। ਤਲੀਆਂ-ਭੁੰਨੀਆਂ ਤੇ ਮਸਾਲੇ ਵਾਲੀਆਂ ਚੀਜ਼ਾਂ ਨਾ ਖਾਓ। ਮੌਸਮੀ ਫਲਾਂ ਦਾ ਸੇਵਨ ਕਰੋ।

**ਪਰਕਾਸ਼ ਕੌਰ ਢਿੱਲੋਂ**



ਦੇਸ਼ ਵਿਦੇਸ਼ਾਂ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ ਖੁਸ਼ੀਆਂ ਦੇ ਤਿਉਹਾਰ 'ਦੀਵਾਲੀ' ਦੀਆਂ ਲੱਖ-ਲੱਖ ਮੁਬਾਰਕਾਂ!

ਜੰਤਰੀਆਂ, ਕੈਲੰਡਰ, ਡਾਇਰੀਆਂ, ਮੈਗਜ਼ੀਨ, ਪੁਸਤਕਾਂ, ਫਲੈਕਸ

ਛਪਵਾਉਣ ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

ਮਹਿਕ ਵਤਨ ਦੀ ਐਡਵੋਟਾਈਜ਼ਮੈਂਟ ਕੰਪਨੀ (ਰਜਿ:)

Help Line: 9988-92-9988
E-mail: mehakwattandi@rediffmail.com
www.mehakwatandilive.com

## ਤਸਵੀਰਾਂ ਬੋਲਦੀਆਂ !



ਮਹਿਕ ਵਤਨ ਦੀ ਲਾਈਵ ਬਿਓਰੋ ਦੀ ਸਲਾਨਾ ਡਾਇਰੀ 2024 ਰੀਲੀਜ ਕਰਦੇ ਹੋਏ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ, ਉਨ੍ਹਾਂ ਦੇ ਨਾਲ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਭਾਈ ਦਰਸ਼ਨ ਸਿੰਘ ਡਰੋਲੀ ਭਾਈ ਅਤੇ ਹੋਰ ਪਤਵੰਤੇ। ਫੋਟੋ: ਅਵਤਾਰ ਸਿੰਘ



'ਮਹਿਕ ਵਤਨ ਦੀ ਲਾਈਵ ਬਿਓਰੋ' ਦੀ ਸਲਾਨਾ ਡਾਇਰੀ 2024 ਦੀ ਪਹਿਲੀ ਕਾਪੀ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਨੂੰ ਭੇਂਟ ਰੀਲੀਜ ਕਰਦੇ ਹੋਏ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਉਨ੍ਹਾਂ ਦੇ ਨਾਲ ਭਾਈ ਬਲਜਿੰਦਰ ਸਿੰਘ ਖੁਖਰਾਣਾ 'ਗੋਰਾ'। ਫੋਟੋ: ਹਰਪ੍ਰੀਤ ਸਿੰਘ



ਗੁਰਦੁਆਰਾ ਨਾਮਦੇਵ ਭਵਨ ਮੋਗਾ ਵਿਖੇ ਇੱਕ ਸਮਾਗਮ ਦੌਰਾਨ ਜੱਜ ਬਣੀ ਮੋਗਾ ਸ਼ਹਿਰ ਦੀ ਬੇਟੀ ਆਗਿਆਪਾਲ ਕੌਰ ਦੇ ਨਾਲ 'ਮਹਿਕ ਵਤਨ ਦੀ ਲਾਈਵ ਬਿਓਰੋ' ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਅਤੇ ਪ੍ਰੀਵਾਰਕ ਮੈਂਬਰ। ਫੋਟੋ: ਮਹਿਕ ਵਤਨ ਦੀ ਲਾਈਵ ਬਿਓਰੋ




ਕਿਰਤੀ ਮਹਿਲਾਵਾਂ ਨੂੰ ਉਤਸਾਹਿਤ ਕਰਨ ਲਈ ਲਗਾਈ ਗਈ ਪ੍ਰਦਰਸ਼ਨੀ ਵਿੱਚ ਜਿਲ੍ਹਾ ਪ੍ਰਧਾਨ ਮੈਡਮ ਲਵਲੀ ਸਿੰਗਲਾ ਨੂੰ ਸਨਮਾਨਿਤ ਕਰਦੇ ਹੋਏ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਉੱਪ ਮੁੱਖ ਸੰਪਾਦਕ ਮੈਡਮ ਭਾਗਵੰਤੀ ਪੁਰਬਾ, ਰੂਰਲ ਐਨ.ਜੀ.ਓ. ਦੇ ਜਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਸਿਟੀ ਪ੍ਰਧਾਨ ਸੁਖਦੇਵ ਸਿੰਘ ਬਰਾੜ ਅਤੇ ਹੋਰ ਪਤਵੰਤੇ ਸੱਜਣ। ਫੋਟੋ: ਉਮੰਗਦੀਪ ਕੌਰ ਪੁਰਬਾ, ਏਕਮਜੋਤ ਸਿੰਘ ਪੁਰਬਾ




# ਰੰਗਮੰਚ ਦੀ ਜ਼ਿੰਦਗੀ ਵੱਡੇ ਪਰਦੇ 'ਤੇ ਪੇਸ਼ ਕਰਦੀ ਫ਼ਿਲਮ 'ਐਨੀ ਹਾਓ ਮਿੱਟੀ ਪਾਓ'



ਪੰਜਾਬੀ ਸਿਨੇਮਾ ਤੇਜ਼ੀ ਨਾਲ ਅੱਗੇ ਵੱਲ ਨੂੰ ਵੱਧ ਰਿਹਾ ਹੈ ਤੇ ਦਰਸ਼ਕਾਂ ਲਈ ਨਵੇਂ-ਨਵੇਂ ਵਿਸ਼ੇ ਤੇ ਤਿਆਰ ਫਿਲਮਾਂ ਲੈ ਕੇ ਆ ਰਿਹਾ ਹੈ। ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ਿਆਂ ਵਾਲੀਆ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ। ਇਸੇ ਰੁਝਾਨ ਤਹਿਤ ਇੱਕ ਵੱਖਰੇ ਵਿਸ਼ੇ ਤੇ ਬਣ ਕੇ ਤਿਆਰ ਹੋਈ ਫਿਲਮ 'ਐਨੀ ਹਾਓ ਮਿੱਟੀ ਪਾਓ' ਰਿਲੀਜ਼ ਹੋਣ ਜਾ ਰਹੀ ਹੈ। ਇਸ ਫਿਲਮ ਦੀ ਕਹਾਣੀ ਬਿਲਕੁੱਲ ਵੱਖਰੀ ਇੱਕ ਰੁਮਾਂਟਿਕ ਡਰਾਮਾ ਤੇ ਕਾਮੇਡੀ ਭਰਪੂਰ ਹੋਵੇਗੀ, ਜਿਸ ਵਿੱਚ ਜ਼ਿੰਦਗੀ ਦੇ ਸਾਰੇ ਰੰਗ ਦੇਖਣ ਨੂੰ ਮਿਲਣਗੇ। ਸੁਪਰ ਹਿੱਟ ਫਿਲਮ 'ਚੱਲ ਮੇਰਾ ਪੁੱਤ' ਨਿਰਦੇਸ਼ਿਤ ਕਰਨ ਵਾਲੇ ਨੌਜਵਾਨ ਨਿਰਦੇਸ਼ਕ ਜਨਜੋਤ ਸਿੰਘ ਵਲੋਂ ਇਸ ਫਿਲਮ ਨੂੰ ਨਿਰਦੇਸ਼ਿਤ ਕੀਤਾ ਗਿਆ ਹੈ ਜਿਸ ਵਿੱਚ ਪੰਜਾਬੀਆਂ ਦਾ ਜੱਟ ਟਿੰਕਾ ਯਾਨੀ ਹਰੀਸ਼ ਵਰਮਾ ਅਤੇ ਖੂਬਸੂਰਤ ਅਦਾਕਾਰਾ ਅਮਾਇਰਾ ਦਸਤੂਰ ਮੁੱਖ ਭੂਮਿਕਾ 'ਚ, ਜਦ ਕਿ ਅਦਾਕਾਰ ਕਰਮਜੀਤ ਅਨਮੋਲ, ਨਿਰਮਲ ਰਿਸ਼ੀ, ਸੀਮਾ ਕੌਸ਼ਲ, ਬੀ ਐਨ ਸ਼ਰਮਾ, ਅਕਰਮ ਉਦਾਸ, ਦੀਦਾਰ ਗਿੱਲ, ਪ੍ਰਕਾਸ਼ ਗਾਧੂ, ਵਿੱਕੀ ਕੱਡੂ ਅਤੇ ਮੇਘਾ ਸ਼ਰਮਾ ਆਦਿ ਨਾਮੀ ਸਿਤਾਰੇ ਅਹਿਮ ਭੂਮਿਕਾ ਨਿਭਾਉਂਦੇ ਨਜ਼ਰ ਆਉਣਗੇ।

ਦੱਸਣਯੋਗ ਹੈ ਕਿ ਰੰਗਮੰਚ ਤੋਂ ਫਿਲਮਾਂ ਵੱਲ ਆਏ ਹਰੀਸ਼ ਵਰਮਾ ਇਸ ਫ਼ਿਲਮ ਵਿੱਚ ਥੀਏਟਰ ਅਦਾਕਾਰ ਦੇ ਕਿਰਦਾਰ 'ਚ ਨਜ਼ਰ ਆਉਣਗੇ ਅਤੇ ਕਰਮਜੀਤ ਅਨਮੋਲ ਇਸ ਫਿਲਮ ਵਿੱਚ ਇਕ ਨਹੀਂ, ਬਲਕਿ ਛੇ ਵੱਖ ਵੱਖ ਕਿਰਦਾਰਾਂ 'ਚ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਫ਼ਿਲਮ ਦੀ ਕਹਾਣੀ ਨਾਮੀ ਲੇਖਕ ਜੱਸ ਗਰੇਵਾਲ ਦੀ ਲਿਖੀ ਜਿਸ ਵਿੱਚ ਪੰਜਾਬੀ ਰੰਗਮੰਚ ਅਤੇ ਰੰਗਮੰਚ ਦੇ ਕਲਾਕਾਰਾਂ ਦੀ ਜ਼ਿੰਦਗੀ ਅਤੇ ਦੁਸ਼ਵਾਰੀਆਂ ਨੂੰ ਵੱਡੇ ਪਰਦੇ 'ਤੇ ਪੇਸ਼ ਕੀਤਾ ਗਿਆ ਹੈ। ਫ਼ਿਲਮ ਦੀ ਕਹਾਣੀ ਲੰਡਨ ਗਏ ਦੋ ਪੰਜਾਬੀ ਦੋਸਤਾਂ ਹੈਰੀ ਅਤੇ ਜੀਤੇ ਦੁਆਲੇ ਘੁੰਮਦੀ ਹੈ, ਜੋ ਥੀਏਟਰ ਕਲਾਕਾਰ ਹਨ ਅਤੇ ਕਾਫੀ ਸਾਲਾਂ ਤੋਂ ਥੀਏਟਰ ਕਰ ਰਹੇ ਹਨ ਅਤੇ ਆਪਣਾ ਥੀਏਟਰ ਗਰੁੱਪ ਚਲਾਉਂਦੇ ਹਨ। ਪਰ ਉੱਥੋਂ ਉਨਾਂ ਨੂੰ ਕਿਸ ਤਰ੍ਹਾਂ ਦੇ ਹਾਲਾਤਾਂ ਵਿੱਚੋਂ ਲੰਘਣਾ ਪੈਂਦਾ ਹੈ ਅਤੇ ਕਿਸ ਤਰ੍ਹਾਂ ਦੇ ਲੋਕਾਂ ਨਾਲ ਉਹਨਾਂ ਦਾ ਵਾਹ ਪੈਂਦਾ ਹੈ ਇਹ ਫ਼ਿਲਮ ਦਾ ਦਿਲਚਸਪ ਪੱਖ ਹੈ। ਇਸ ਫ਼ਿਲਮ ਵਿੱਚ ਰੰਗਮੰਚ ਪ੍ਰਤੀ ਆਮ ਲੋਕਾਂ ਦੀ ਸੋਚ ਉਜਾਗਰ ਕੀਤੀ ਹੈ। ਨਿਰਮਾਤਾ ਉਪਕਾਰ ਸਿੰਘ, ਜਰਨੈਲ ਸਿੰਘ ਤੇ ਸਹਿ ਨਿਰਮਾਤਾ ਹਰਮੀਤ ਸਿੰਘ ਵਲੋਂ ਪ੍ਰੋਡਿਊਸ ਇਸ ਫਿਲਮ ਦੀ ਕਹਾਣੀ ਦਰਸ਼ਕਾਂ ਦੇ ਢਿੱਡੀ ਪੀੜਾਂ ਪਾਉਣ ਵਾਲੀ ਹੋਵੇਗੀ। ਫ਼ਿਲਮ ਦੇ ਸੰਗੀਤ ਦੀ ਗੱਲ ਕੀਤੀ ਜਾਵੇ ਤਾਂ ਸੰਗੀਤ ਬਹੁਤ ਹੀ ਦਿਲ ਟੁੰਬਵਾਂ ਹੈ ਜੋ ਕਿ ਸੰਗੀਤਕਾਰ ਜੈ ਦੇਵ ਕੁਮਾਰ, ਭਾਈ ਮੰਨਾ ਸਿੰਘ,ਗੁਰਮੀਤ ਸਿੰਘ, ਗੁਰਮੋਹ ਅਤੇ ਜੇ ਬੀ ਸਿੰਘ ਨੇ ਤਿਆਰ ਕੀਤਾ ਹੈ।

ਫ਼ਿਲਮ ਦੇ ਗੀਤ ਗੀਤਕਾਰ ਹਰਮਨਜੀਤ, ਜੱਸ ਗਰੇਵਾਲ, ਸੱਤਾ ਵੈਰੋਵਾਲੀਆ, ਖ਼ੁਸ਼ੀ ਪੰਧੇਰ ਅਤੇ ਕਪਤਾਨ ਨੇ ਲਿਖੇ ਹਨ। ਜਿੰਨਾਂ ਨੂੰ ਗਾਇਕ ਐਮੀ ਵਿਰਕ, ਮਾਸਟਰ ਸਲੀਮ, ਗੁਰਸ਼ਬਦ, ਜੋਤਿਕਾ ਤਾਗੜੀ, ਸਿਮਰਨ ਭਾਰਦਵਾਜ ਅਤੇ ਅਨੁਸ਼ਿਕਾ ਬਜਾਜ ਨੇ ਗਾਇਆ ਹੈ। ਫ਼ਿਲਮ ਪ੍ਰਤੀ ਦਰਸ਼ਕਾਂ ਦੀ ਬੇਸਬਰੀ ਸੋਸ਼ਲ ਮੀਡੀਆ 'ਤੇ ਦੇਖੀ ਜਾ ਸਕਦੀ ਹੈ ਅਤੇ ਉਮੀਦ ਹੈ ਕਿ ਇਹ ਫਿਲਮ ਵੀ ਨਵੇਂ ਰਿਕਾਰਡ ਸਥਾਪਤ ਕਰੇਗੀ।

- ਜਿੰਦ ਜਵੰਦਾ






## ਇੱਕ ਅਪੀਲ ਐਨ.ਆਰ.ਆਈ. ਵੀਰਾਂ ਭੈਣਾ ਨੂੰ :

# ਜੇਕਰ ਤੁਸੀਂ ਧਰਨਿਆ 'ਚ ਝੋਲੀਆਂ ਭਰ-ਭਰ ਬਦਾਮ ਵੰਡ ਸਕਦੇ ਹੋ ਤਾਂ ਰੁਜਗਾਰ ਕਿਉਂ ਨਹੀਂ?



**ਡਾ. ਸਰਬਜੀਤ ਕੌਰ ਬਰਾੜ ਮੋਗਾ। ਸੰਪਰਕ: 79866-52927**

ਅੰਤਾਂ ਦੀ ਮਹਿੰਗਾਈ, ਬੇਰੁਜਗਾਰੀ ਅਤੇ ਗਰੀਬੀ ਦਾ ਜੋਰ ਹੈ। ਨੌਜਵਾਨ ਤਬਕਾ ਪੜ੍ਹ ਲਿਖ ਕੇ ਵੀ ਵਿਹਲਾ ਫਿਰ ਰਿਹਾ ਹੈ, ਕੋਈ ਰੁਜਗਾਰ ਨਹੀ,ਂ ਨੌਕਰੀਆਂ ਬਾਹਰਲਿਆਂ ਨੂੰ ਤੇ ਉਤੋਂ ਮਹਿੰਗਾਈ ਅੱਤ ਦੀ ਦੀ ਛਤਰ ਛਾਇਆ ਹੇਠ ਸਾਰਾ ਮੁਲਖ ਹੈ ਅਤੇ ਗਰੀਬੀ ਕਾਰਨ ਛੋਟੇ ਜਿੰਮੀਦਾਰ ਅਤੇ ਆਮ ਮੱਧ ਵਰਗ ਪਿਸ ਰਿਹਾ ਹੈ ਤੇ ਦੇਸ਼ ਨੂੰ ਚਲਾਉਣ ਵਾਲਾ ਰਾਜਾ ਸੁੱਤਾ ਹੋਇਆ ਹੈ ਪਹਿਲੇ ਰਾਜਿਆਂ ਦੀ ਤਰ੍ਹਾਂ। ਨਾ ਤਾਂ ਮਹਿੰਗਾਈ ਰੁਕਣ ਦਾ ਨਾਮ ਲੈ ਰਹੀ ਹੈ, ਨਾ ਹੀ ਨਸ਼ੇ ਅਤੇ ਨਾ ਬੇਰੁਜਗਾਰੀ। ਹੁਣ ਚੱਲਦੇ ਹਾਂ ਮੇਨ ਮੁੱਦੇ ਤੇ। ਮੇਨ ਮੁੱਦਾ ਇਹ ਹੈ ਕਿ ਨੌਜਵਾਨ ਪੀੜ੍ਹੀ ਵੇਹਲੀ ਫਿਰ ਰਹੀ ਹੈ ਕੋਈ ਕੰਮ ਕਾਰ ਨਹੀਂ ਤੇ ਢਿੱਡ ਰੋਜ ਤਿੰਨ ਵੇਲੇ ਦੀ ਰੋਟੀ ਮੰਗਦਾ ਤੇ ਪੇਟ ਪਾਲਣ ਲਈ ਲੋੜ ਏ ਪੈਸੇ ਦੀ, ਕਿਉਕਿ ਘਰ ਪਰਿਵਾਰ ਚੱਲਣਾ ਹੈ ਪੈਸੇ ਨਾਲ ਤੇ ਫੇਰ ਟੈਂਸ਼ਨ ਨਾਲ ਨੌਜਵਾਨ ਪੈ ਰਹੇ ਕੁਰਾਹੇ ਅਤੇ ਕਰਨ ਲੱਗਦੇ ਹਨ ਨਸ਼ਾ। ਜਦੋਂ ਮਜਬੂਰੀ ਵੱਸ ਨਸ਼ੇ ਵਾਲੀ ਬੇੜੀ ਵਿੱਚ ਪੈਰ ਧਰਦੇ ਹਨ ਤਾਂ ਉਸ ਤੋਂ ਅੱਗੇ ਛੇਤੀ ਪੈਸਾ ਬਣਾਉਣ ਦੀ ਹੋੜ ਵਿੱਚ ਕਰਦੇ ਹਨ ਮਜਬੂਰੀ ਵੱਸ ਲੁੱਟਾਂ ਖੋਹਾਂ ਅਤੇ ਮਾਰੋ ਮਰਾਈ ਅਤੇ ਫੇਰ ਤੁਰ ਪੈਂਦੇ ਹਨ ਗਲਤ ਰਾਹਾਂ ਤੇ। ਆਪ ਤਾਂ ਮਰਨਾ ਹੀ ਹੈ ਤੇ ਨਾਲ ਮਾਰ ਜਾਂਦੇ ਹਨ ਜਿਉਂਦੇ ਮਾਪਿਆਂ ਨੂੰ ਵੀ। ਅੱਜ ਇਹ ਘਰ ਘਰ ਦੀ ਕਹਾਣੀ ਹੈ ਕੁੱਝ ਵੀਹ ਕੁ ਪਰਸੈਂਟ ਨੂੰ ਛੱਡ ਕੇ ਹਰ ਪਰਿਵਾਰ ਦੁਖੀ ਹੈ ਪਰ ਸਾਰ ਲੈਣ ਵਾਲਾ ਕੋਈ ਨਹੀਂ ਹੈ। ਗੱਲਾਂ ਅਤੇ ਭਾਸ਼ਨ ਸੁਣਨ ਸੁਣਾਉਣ ਅਸੀਂ ਸਾਰੇ ਜਾਂਦੇ ਹਾਂ ਪਰ ਹੱਲ ਕੋਈ ਨਹੀਂ ਜਾਣਦਾ ਕਿ ਕੀ ਹੈ। ਨਾ ਬੁੱਧੀਜੀਵੀਆਂ ਕੋਲ ਹੱਲ ਹੈ ਅਤੇ ਨਾ ਹੀ ਸਰਕਾਰਾਂ ਕੋਲ ਸਭ ਫੇਲ ਸਿੱਧ ਹੋ ਰਹੇ ਹਨ।

ਸਾਡੇ ਮੇਨ ਮੁੱਦੇ ਹਨ : ਬੇਰੁਜਗਾਰੀ, ਗਰੀਬੀ, ਮਹਿੰਗਾਈ, ਨਸ਼ਾ, ਲੁੱਟ- ਖਸੁੱਟ ਤੇ ਮਾਰੋ ਮਰਾਈ ਦੀਆਂ ਵਾਰਦਾਤਾਂ, ਮਾਂ ਬੋਲੀ ਪੰਜਾਬੀ ਨਾਲੋਂ ਟੁੱਟ ਰਿਹਾ ਮੋਹ, ਵਿਦੇਸ਼ਾਂ ਵੱਲ ਜਾ ਰਿਹਾ ਯੂਥ, ਕਿਸਾਨੀ ਖ਼ੁਦਕੁਸ਼ੀਆਂ ਅਤੇ ਵਾਤਾਵਰਨ ਜਿੰਨਾ ਨੂੰ ਬਚਾਉਣ ਲਈ ਹੰਭਲਾ ਮਾਰਨ ਦੀ ਲੋੜ ਹੈ।

ਆਪਾ ਢਿੰਡੋਰਾ ਸਾਰੇ ਪਿੱਟਦੇ ਹਾਂ ਪਰ ਹੱਲ ਕਿਸੇ ਕੋਲ ਨਹੀਂ, ਸਰਕਾਰਾਂ ਵੀ ਫੇਲ ਸਾਬਿਤ ਹੋ ਰਹੀਆਂ ਹਨ ਇਹਨਾਂ ਮੁੱਦਿਆਂ ਤੇ ਕਿਉਕਿ ਅੰਕੜੇ ਦੱਸ ਰਹੇ ਹਨ ਕੇ ਇਸ ਸਭ ਵਿੱਚ ਪਹਿਲਾਂ ਨਾਲੋਂ ਘਟਣ ਦੀ ਬਜਾਏ ਵਾਧਾ ਹੋਇਆ ਹੈ। ਅੱਜ ਵਪਾਰੀਆਂ ਬਿਜ਼ਨਸਮੈਨ, ਰੇਹੜੀਆਂ ਵਾਲੇ, ਨੌਕਰੀ ਪੇਸ਼ਾ, ਆਪਣੇ ਘਰਾਂ ਅਤੇ ਆਮ ਜਨਤਾ ਤੋਂ ਲੈ ਕੇ ਕੋਈ ਵੀ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ ਅਤੇ ਇਸ ਸਭ ਦਾ ਜਿੰਮੇਵਾਰ ਕੌਣ ਹੈ? ਇਹ ਸਭ ਨੂੰ ਠੱਲ ਪਾਉਣ ਲਈ ਕੌਣ ਕਰ ਰਿਹਾ ਉਪਰਾਲੇ? ਕਿਸ ਨੂੰ ਹੈ ਚਿੰਤਾ? ਕਿਸੇ ਕੋਲ ਕੋਈ ਜਵਾਬ ਨਹੀਂ।

ਮੇਰੀ ਇੱਕੋ ਆਸ ਹੈ ਐਨ. ਆਰ. ਆਈ. ਵੀਰ, ਭੈਣਾ, ਪਰਿਵਾਰ ਕਿਉਕਿ ਜੇਕਰ ਇਹ ਸਭ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕਰਨਾ ਹੈ ਤਾਂ ਤੁਹਾਨੂੰ ਅੱਗੇ ਆਓਣਾ ਪੈਣਾ ਹੈ। ਐਨ.ਆਰ. ਆਈਓ. ! ਜੇਕਰ ਅਸੀਂ ਦਿੱਲੀ ਜਿੱਤ ਸਕਦੇ ਹਾਂ ਤਾਂ ਇਹ ਸਭ ਬੁਰਾਈਆਂ ਨੂੰ ਕਿਉਂ ਨਹੀ ਖਤਮ ਕਰ ਸਕਦੇ। ਜੇਕਰ ਤੁਸੀਂ ਸੀਂ ਧਰਨਿਆ ਵਿੱਚ ਝੋਲੀਆਂ ਭਰ ਭਰ ਬਦਾਮ ਵੰਡ ਸਕਦੇ ਹੋ ਤਾਂ ਰੁਜਗਾਰ ਕਿਉਂ ਨਹੀਂ? ਆਪਣਾ ਯੂਥ ਕਿਉ ਨਹੀ ਬਚਾ ਸਕਦੇ ? ਲਗਾਓ ਆਪਣੇ ਆਪਣੇ ਪਿੰਡ ਦੇ ਨੇੜੇ ਪੰਜ ਛੇ ਪਿੰਡਾਂ ਦੇ ਐਨ.ਆਰ.ਆਈ. ਰਲ ਕੇ ਫਿਕਟਰੀਆਂ ਤਾਂ ਕੇ ਤੁਹਾਡੇ ਬੱਚੇ ਰੁਜਗਾਰ ਪ੍ਰਾਪਤ ਕਰਨ ਲਈ ਬਾਹਰ ਨਹੀਂ ਆਪਣੀ ਮਿੱਟੀ ਆਪਣੇ ਦੇਸ਼ ਨਾਲ ਹੀ ਜੁੜੇ ਰਹਿਣ। ਬਾਹਰ ਦੀ ਹੋੜ ਬੰਦ ਹੋਵੇ ਕਿਉਕਿ ਮੇਨ ਜੜ ਹੀ ਉੱਪਰ ਲਿਖੀਆਂ ਬੁਰਾਈਆਂ, ਬੇਰੁਜਗਾਰੀ ਹੈ। ਅਗਰ ਤੁਸੀਂ ਰੁਜਗਾਰ ਪਿੰਡ ਪਿੰਡ ਲਿਆ ਦਿੱਤਾ ਤਾਂ ਇਹ ਸਭ ਲਾਮਤਾਂ ਤਾਂ ਆਪਣੇ ਆਪ ਹੀ ਖਤਮ ਹੋ ਜਾਣਗੀਆਂ ਤੇ ਮੇਰਾ ਪੰਜਾਬ ਮੁੜ ਤੋਂ ਸੋਨੇ ਦੀ ਚਿੜੀ ਅਖਵਾਏਗਾ। ਮੇਰੀ ਨਿਮਾਣੀ ਜਿਹੀ ਦੀ ਇੱਕ ਨਿਮਰਤਾ ਸਹਿਤ ਬੇਨਤੀ ਹੈ ਐਨ.ਆਰ.ਆਈ. ਵੀਰਾਂ ਭੈਣਾ ਪਰਿਵਾਰ ਨੂੰ ਕਿ ਗੁਰੂਦਵਾਰੇ ਮੰਦਰਾਂ ਵਿੱਚ ਦਾਨ ਘਟਾ ਕੇ ਆਪਣੇ ਆਪਣੇ ਪਿੰਡਾਂ ਦੇ ਵਿਚਕਾਰ ਇੱਕ ਇੱਕ ਰੋਜ਼ਗਾਰ ਫੈਕਟਰੀ ਲਗਾਓ ਜਿੱਥੇ ਨੌਜਵਾਨ, ਮਾਂਵਾ, ਭੈਣਾ ਸਭ ਵਰਗ ਜਿੰਨੀ ਓਹਨਾ ਦਾ ਸਰੀਰ ਮਿਹਨਤ ਕਰ ਸਕਦਾ ਓਨੇ ਘੰਟੇ ਕੰਮ ਕਰਕੇ ਆਪਣਾ ਟੱਬਰ ਪਾਲ ਸਕਣ, ਕੰਮ ਕਰ ਸਕਣ ਕਿਉਕੇ ਇੱਕ ਫੈਕਟਰੀ ਵਿੱਚ ਪੰਜ ਛੇ ਪਿੰਡਾਂ ਦੇ ਲੋਕਾਂ ਲਈ ਰੋਜ਼ਗਾਰ ਪ੍ਰਾਪਤ ਹੋ ਸਕਦਾ ਹੈ। ਇਹ ਹੰਬਲਾ ਤੁਸੀਂ ਮਾਰ ਸਕਦੇ ਹੋ ਕਿਉਕਿ ਸਰਕਾਰਾਂ ਤੋਂ ਕੋਈ ਆਸ ਨਾ ਲਗਾਓ ਆਪ ਅੱਗੇ ਆਓ ਅਤੇ ਆਪਣਾ ਪਿੰਡ, ਜਵਾਨੀ, ਕਿਸਾਨੀ ਅਤੇ ਪੰਜਾਬ ਨੂੰ ਬਚਾਓ। ਇੱਕ ਨਿਮਾਣੀ ਜਿਹੀ ਦੀ ਛੋਟੀ ਜਿਹੀ ਪੁਕਾਰ ਆਪਣਾ ਯੂਥ ਅਤੇ ਪੰਜਾਬ ਬਚਾਉਣ ਲਈ।

ਮਾਰੋ ਹੰਬਲਾ ਵੀਰੋ ਭੈਣੋਂ ਬਾਹਰਲਿਓ,<br>
ਯੂਥ ਤੇ ਜਵਾਨੀ ਨੂੰ ਬਚਾਲੋ ਲਵੋਂ ਆਣ ਕੇ

ਰੰਗਲਾ ਪੰਜਾਬ ਵੱਜੂ ਸੋਨੇ ਦੀ ਚਿੜੀ<br>
"ਸਰਬ" ਮਾਣਦੀ ਹੋਊ ਮੌਜਾ ਤੱਕ ਲਿਓ ਆਣ ਕੇ

ਕੱਢ ਦਿਓ ਕੋਹੜ ਸੱਭੇ ਰੋਜ਼ਗਾਰ ਦੇ<br>
ਰੱਖੋ ਨਾ ਆਸ ਤੁਸੀਂ ਕਿਸੇ ਅਣਜਾਣ ਤੇ

ਮੋਗੇ ਵਾਲੀ ਡਾਕਟਰ ਤੁਹਾਨੂੰ ਕਰੇ ਬੇਨਤੀ<br>
ਵੱਜਦਾ ਜੇ ਲਓ ਹੰਬਲਾ ਜਿਆ ਮਾਰ, ਸੁਣ ਲਵੋ ਨਿਮਾਣੀ ਦੀ ਤੁਸੀਂ ਪੁਕਾਰ ਆਣ ਕੇ।

ਸਨੀ ਬਰਾੜ ਮੈਟਰਨਿਟੀ ਅਤੇ ਜਰਨਲ ਹਸਪਤਾਲ
ਡਾ. ਸਰਬਜੀਤ ਕੌਰ ਬਰਾੜ
(ਬੀ.ਏ.ਐਮ.ਐਸ, ਡੀ.ਈ.ਐਮ.ਐਸ)
ਨੋਟ: ਰਸੌਲੀਆਂ, ਗੁਰਦੇ ਅਤੇ ਪਿੱਤੇ ਦੀ ਪੱਥਰੀ ਦਾ ਖਾਣ ਵਾਲੀ ਦਵਾਈ ਨਾਲ ਇਲਾਜ ਕੀਤਾ ਜਾਂਦਾ ਹੈ।
ਖੂਨੀ ਮਸੀਤ ਰੋਡ, ਮੋਗਾ (ਪੰਜਾਬ)। ਸੰਪਰਕ ਨੰ. 92175-66645, 79866-52927

# ਪੰਜਾਬੀ ਨਾਟਕ 'ਦੀਵਿਆਂ ਵਾਲੀ ਅੰਟੀ' ਦੀਵਾਲੀ ਤੇ ਹੋਵੇਗਾ ਰੀਲੀਜ -ਭਵਨਦੀਪ

ਮੋਗਾ/ 10 ਨਵੰਬਰ 2023/ ਇਕਬਾਲ ਸਿੰਘ ਖੋਸਾ



'ਮਹਿਕ ਵਤਨ ਦੀ ਲਾਈਵ' ਪ੍ਰਡਕਸ਼ਨ ਵੱਲੋਂ ਬਣੇ ਚੌਥੇ ਪੰਜਾਬੀ ਨਾਟਕ 'ਦੀਵਿਆਂ ਵਾਲੀ ਅੰਟੀ' ਦੀ ਸ਼ੂਟਿੰਗ ਕੱਲ੍ਹ ਮੁਕੰਮਲ ਹੋ ਗਈ ਹੈ ਜਿਸ ਦੀ ਐਡੀਟਿੰਗ ਮਹਿਕ ਵਤਨ ਦੀ ਲਾਈਵ ਸਟੂਡੀਓ ਵਿੱਚ ਚੱਲ ਰਹੀ ਹੈ। ਦੀਵਾਲੀ ਦੇ ਸਬੰਧ ਵਿੱਚ ਮਿੱਟੀ ਦੇ ਦੀਵਿਆਂ ਨੂੰ ਜਗਾਉਣ ਲਈ ਅਤੇ ਗਰੀਬ ਦੁਕਾਨਦਾਰਾਂ ਤੋਂ ਦੀਵੇ ਆਦਿ ਖਰੀਦਣ ਲਈ ਉਤਸ਼ਾਹਿਤ ਕਰਦਾ ਇਹ ਪੰਜਾਬੀ ਨਾਟਕ ਦੀਵਾਲੀ ਤੇ ਲੋਕ ਅਰਪਣ ਹੋਵੇਗਾ। ਇਹ ਜਾਣਕਾਰੀ ਇਸ ਨਾਟਕ ਦੇ ਨਿਰਦੇਸ਼ਕ ਅਤੇ ਲੇਖਕ ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) ਨੇ ਮੀਡੀਆ ਨਾਲ ਸਾਂਝੀ ਕੀਤੀ।




ਇਸ ਨਾਟਕ ਬਾਰੇ ਹੋਰ ਜਾਣਕਾਰੀ ਦਿੰਦਿਆ ਉਨ੍ਹਾਂ ਨੇ ਦੱਸਿਆ ਕਿ ਇਹ ਨਾਟਕ ਦੀਵਾਲੀ ਨਾਲ ਸਬੰਧਤ ਹੈ ਜਿਸ ਵਿੱਚ ਫੜੀ ਤੇ ਦੀਵੇ ਵੇਚਨ ਵਾਲੇ ਛੋਟੇ ਦੁਕਾਨਦਾਰਾ ਤੋਂ ਦੀਵੇ ਆਦਿ ਸਮਾਨ ਖਰੀਦ ਕੇ ਉਨ੍ਹਾਂ ਦੀ ਦੀਵਾਲੀ ਖੁਸ਼ੀ ਭਰੀ ਬਣਾਉਣ ਦਾ ਸੰਦੇਸ਼ ਦਿੱਤਾ ਗਿਆ ਹੈ। ਇਸ ਨਾਟਕ ਵਿੱਚ ਸਮਾਜ ਸੇਵੀ ਲੇਖਿਕਾ ਡਾ. ਸਰਬਜੀਤ ਕੌਰ ਬਰਾੜ ਦਾ 'ਦੀਵਿਆਂ ਵਾਲੀ ਅੰਟੀ' ਦਾ ਮੁੱਖ ਰੋਲ ਅਦਾ ਕੀਤਾ ਹੈ। ਦੂਸਰਾ ਮੇਨ ਰੋਲ 'ਦੀਵਿਆਂ ਵਾਲੀ ਅੰਟੀ' ਦੀ ਮੱਦਦ ਕਰਨ ਵਾਲੇ ਬਾਲ ਕਲਾਕਾਰ ਉਮੰਗਦੀਪ ਕੌਰ ਪੁਰਬਾ ਅਤੇ ਏਕਮਜੋਤ ਸਿੰਘ ਪੁਰਬਾ ਦਾ ਹੈ। ਇਸ ਤੋਂ ਇਲਾਵਾ ਨਿਰਮਾਤਾ ਮੈਡਮ ਭਾਗਵੰਤੀ ਪੁਰਬਾ, ਗਾਇਕ ਹਰਕੀਰਤ ਸਿੰਘ (ਹੈਰੀ ਬੇਦੀ), ਸੁਖਦੇਵ ਸਿੰਘ ਬਰਾੜ ਦਾ ਵੀ ਅਹਿਮ ਕਿਰਦਾਰ ਹੈ। ਬੇਬੀ ਚੰਦਨਪ੍ਰੀਤ ਕੌਰ, ਕਮਲਜੀਤ ਸਿੰਘ, ਗੁਰਕੀਰਤ ਬੇਦੀ, ਮੈਡਮ ਨਰਜੀਤ ਕੌਰ, ਸ੍ਰੀਮਤੀ ਕਰਮਜੀਤ ਕੌਰ, ਸਨਦੀਪ ਕੌਰ, ਨਵਦੀਪ ਕੌਰ, ਸਨਦੀਪ ਸਿੰਘ, ਪਰਮਜੀਤ ਸਿੰਘ ਬੇਦੀ ਆਦਿ ਵੀ ਇਸ ਨਾਟਕ ਵਿੱਚ ਨਜਰ ਆਉਣਗੇ।




ਸਮੂੰਹ ਇਲਾਕਾ ਨਿਵਾਸੀਆਂ ਨੂੰ
ਦੀਵਾਲੀ ਅਤੇ ਗੁਰਪੁਰਬ
ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ !
With best compliments from:
ਏਕਮ ਟਿਊਸ਼ਨ ਸੈਂਟਰ
ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ
EKAM Tution Center
CBSE / ICSE / Punjab School Edu. Board
All Subject of Nursury to 8th Classes
Center: Basti Gobindgarh
Near Ghalan Walia Di Atta Chakki
1195, Ajit Nagar, Moga
Contact: 96460-21463



ਦੇਸ਼ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ
'ਬੰਦੀ ਛੋੜ ਦਿਵਸ' ਦੀਵਾਲੀ ਅਤੇ ਵਿਸਵਕਰਮਾਂ ਦਿਵਸ
ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ !
ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ, ਚੰਦ ਪੁਰਾਣਾ
(ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ)
ਮੈਂ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾਂ ਸਾਰੀ ਸੰਗਤ ਨੂੰ ਤੰਦਰੁਸਤੀ ਬਖਸ਼ੇ, ਆਪ ਸਭ ਦੇ ਘਰ ਖੁਸ਼ੀਆਂ, ਮੇਲ ਮਿਲਾਪ, ਥਵਾਕ ਤੇ ਪਿਆਰ ਦੇ ਦੀਵੇ ਜਗਦੇ ਰਹਿਣ। ਪ੍ਰਮਾਤਮਾਂ ਆਪ ਸਭ ਤੇ ਮੇਹਰ ਭਰਿਆਂ ਹੱਥ ਰੱਖਣ !



ਮੁੱਖ ਸੇਵਾਦਰ: ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ
ਸੰਪਰਕ : 98147-41305, 98148-41305




# ਵਾਹ ਭਾਈ ਜੀ ਵਾਹ ! ਪੜ੍ਹਨੀਆਂ ਪੋਥੀਆਂ ਤੇ ਕੰਮ ਕਰਨੇ ਆਹ !

ਗੁਰਮੇਲ ਸਿੰਘ ਬੌਡੇ

ਪੁਰਾਣੇ ਸਮੇਂ ਵਿਚ ਉਮਰੋਂ ਪੱਕੇ ਤੇ ਬੱਗੀ ਦਾਹੜੀ ਵਾਲੇ ਮਨੁੱਖ ਤੋਂ ਜੋ ਪਾਠ ਪੜ੍ਹਦਾ ਰਿਹਾ ਹੋਵੇ ਉਸ ਕੋਲੋਂ ਜੀਭ ਰਸ, ਕੰਨ ਰਸ ਜਾਂ ਦੇਹੀ ਨਾਦ ਵਰਗੀ ਹਰਕਤ ਹੋ ਜਾਂਦੀ ਸੀ ਤਾਂ ਅਕਸਰ ਅਜਿਹਾ ਕਿਹਾ ਜਾਂਦਾ ਸੀ ਕਿਉਂਕਿ ਅਜਿਹਾ ਉਸਨੂੰ ਆਪ ਦੀ ਉਮਰ-ਰੁਤਬੇ ਤੇ ਵੱਕਾਰ ਨੂੰ ਨਜ਼ਰਅੰਦਾਜ਼ ਕਰਕੇ ਵਾਸ਼ਨਾ ਤਹਿਤ ਕੀਤਾ ਹੁੰਦਾ ਸੀ।

ਲੋਕ ਉਸ ਵੱਲ ਹੱਥ ਕਰ ਕਰ ਕੇ ਗੱਲਾਂ ਕਰਦੇ। ਸਮਾਜ 'ਚ ਉਸਨੂੰ ਚੋਰਾ ਕਹਿੰਦੇ ਸਨ ਜਿਸਨੇ ਉਮਰਾਂ ਦੇ ਕਈ ਦਹਾਕੇ ਹੰਢਾ ਕੇ ਵੀ ਸਮਾਜਿਕ ਸਲੀਕਾ ਨਹੀਂ ਸੀ ਸਿੱਖਿਆ ਹੁੰਦਾ। ਇਹ ਵਰਤਾਰਾ ਅੱਜ ਦੇ ਦੌਰ ਵਿਚ ਵੀ ਕਾਰਜਸ਼ੀਲ ਹੈ ਜਿਸਨੂੰ ਅਸੀਂ ਨਜ਼ਰਅੰਦਾਜ ਕਰ ਦਿੰਦੇ ਹਾਂ। ਹਰ ਰੋਜ਼ ਕਿੰਨੇ ਹੀ ਵਾਰ ਅਜਿਹੇ ਚੋਰਿਆਂ ਦਾ ਦ੍ਰਿਸ਼ ਦੁਹਰਾਇਆ ਵੀ ਜਾਂਦਾ ਹੈ।

ਬਹੁਤੀ ਲੰਬੀ ਗੱਲ ਨਾਂ ਕਰਦੇ ਹੋਏ, ਸੌ ਹੱਥ ਰੱਸਾ ਸਿਰੇ ਤੇ ਗੰਢ ਵਾਲੇ ਅਖਾਣ ਮੁਤਾਬਕ ਟੈਲੀਵਿਜ਼ਨ ਦੇ ਚੈਨਲਾਂ ਤੇ ਦਿਖਾਏ ਜਾਂਦੇ ਲੱਚਰ ਗੀਤਾਂ ਵਿਚ ਉਹਨਾਂ ਵੱਲੋਂ ਗੰਦੇ ਗੀਤਾਂ ਵਿਚ ਨਿਭਾਈ ਜਾਂਦੀ ਭੂਮਿਕਾ ਤੋਂ ਹੈ। ਅਜਿਹਾ ਰੋਲ ਕਰਨ ਵਾਲੇ ਬਾਬਿਆਂ ਦੀਆਂ ਧੀਆਂ ਵੀ ਹੁੰਦੀਆਂ ਹੋਣਗੀਆਂ, ਪੋਤਰੀਆਂ ਜਾਂ ਦੋਹਤਰੀਆਂ ਵੀ ਹੁੰਦੀਆਂ ਹੋਣਗੀਆਂ ਕੀ ਉਹ ਆਪਣੇ ਦਾਦੇ ਜਾਂ ਨਾਨੇ ਵੱਲੋਂ ਨਿਭਾਈ ਜਾਂਦੀ ਭੂਮਿਕਾ ਤੇ ਫ਼ਖਰ ਕਰਦੀਆਂ ਹੋਣਗੀਆਂ ਜਾਂ ਮੱਥੇ ਤੇ ਹੱਥ ਮਾਰਦੀਆਂ ਹੋਣਗੀਆਂ।

ਵਰਤਮਾਨ ਗਾਇਕੀ ਵਿਚ ਜਿੱਥੇ ਲਿਖਣ ਵਾਲੇ, ਗੀਤ ਫਿਲਮਾਉਣ ਵਾਲੇ ਤੇ ਗਾਉਣ ਵਾਲੇ ਜ਼ੁੰਮੇਵਾਰ ਹਨ ਉਥੇ ਉਹਨਾਂ ਲੱਚਰ ਗੀਤਾਂ ਵਿਚ ਆਪਣੀ ਸ਼ਕਲ ਦਿਖਾਉਣ ਵਾਲੇ ਸੱਤਰੇ-ਬਹੱਤਰੇ ਬਜ਼ੁਰਗਾਂ ਨੂੰ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ। ਕੁਦਰਤੀ ਗੱਲ ਹੈ ਕਿ ਬੁੱਲ੍ਹਾਂ ਤੇ ਜੀਭ ਫੇਰਦੇ ਬਾਬੇ ਵੀ ਕੁਝ ਪਲ ਲਈ ਆਪਣੇ ਅਤੀਤ ਵਿਚ ਚਲੇ ਜਾਂਦੇ ਹਨ। ਉਹ ਆਪਣਾ ਲੰਘ ਚੁੱਕਿਆ ਵੇਲਾ ਯਾਦ ਕਰਦੇ ਹਨ।

ਅਕਸਰ ਕਿਹਾ ਜਾਂਦਾ ਹੈ ਕਿ ਗੀਤ ਅਤੇ ਉਸਦੀਆਂ ਪੇਸ਼ਕਾਰੀਆਂ ਸਮਾਜ ਦਾ ਦਰਪਨ ਹੁੰਦੀਆਂ ਹਨ। ਇਹਨਾਂ ਬਜ਼ੁਰਗਾਂ ਦਾ ਕੰਮ ਵਿਰਾਸਤ ਦੇ ਸ਼ੀਸ਼ੇ ਨੂੰ ਸਾਫ਼ ਰੱਖਣਾ ਹੁੰਦਾ ਹੈ ਨਾਕਿ ਖੋਤਿਆਂ ਵਿਚ ਖੁਦ ਖੋਤੇ ਬਣ ਜਾਣਾ ਹੁੰਦਾ ਹੈ। ਵਿਆਹ ਭਵਨਾਂ (ਮੈਰਿਜ ਪੈਲਿਸਾਂ) ਵਿਚ ਸੱਭਿਆਚਾਰਕ ਦੇ ਜਾਂ ਲੱਚਰ ਅਖਾੜਿਆਂ ਨੇ ਸਾਡੇ ਕੋਲੋਂ ਸੂਰਮਿਆਂ ਦੀਆਂ ਵਾਰਾਂ, ਕਵੀਸ਼ਰੀ ਤੇ ਢਾਡੀ ਗਾਇਨ ਖੋਹ ਲਿਆ ਹੈ। ਦਾਦੀਆਂ, ਨਾਨੀਆਂ ਤੇ ਮਾਵਾਂ ਦੇ ਮੂੰਹੋਂ ਰਿਸ਼ਤਿਆਂ 'ਚ ਲਿਬਰੇਜ਼ ਲੰਬੀ ਹੇਕ ਵਾਲੇ ਗੀਤ ਖੋਹ ਲਏ ਹਨ। ਵਿਆਹ 'ਚ ਆਏ ਮਹਿਮਾਨ ਪਹਿਲੇ ਸਮਿਆਂ 'ਚ ਆਪਣੀ ਖੁਸ਼ੀ ਦਾ ਪ੍ਰਗਟਾਵਾ ਸੱਭਿਆਚਾਰਕ ਦਾਇਰੇ 'ਚ ਰਹਿ ਕੇ ਜਿਵੇਂ ਕਿ ਜਾਗੋ ਕੱਢਣਾ, ਸੁਆਂਗ ਧਾਰਨਾ, ਲੰਬੀ ਹੇਕ ਵਾਲੇ ਸੁਹਾਗ ਤੇ ਘੋੜੀਆਂ ਗਾਉਣੀਆਂ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈਆਂ ਹਨ। ਅਸੀਂ ਆਪਣੇ ਆਪ ਨੂੰ ਸੱਭਿਅਕ ਸਮਝਦੇ ਹੋਏ ਆਪਣਾ ਵਿਰਸਾ ਤੇ ਵਿਰਾਸਤ ਗੁਆ ਲਈ ਹੈ। ਪਰ ਸੱਤਰੇ-ਬਹੱਤਰੇ ਬਾਬਿਆਂ ਵੱਲੋਂ ਲੱਚਰਤਾ ਦੇ ਇਸ ਗੰਦੇ ਚਿੱਕੜ 'ਚ ਗਰਕ ਜਾਣਾ ਉਹਨਾਂ ਦੇ ਬੁਢਾਪੇ ਨੂੰ ਇਕ ਅਤਿ ਘਿਨਾਉਣੀ ਗੱਲ ਹੈ।

ਇਸ ਦਾ ਪ੍ਰਤੱਖ ਪ੍ਰਤੀਕ੍ਰਮ ਇਹ ਹੋ ਰਿਹਾ ਹੈ ਕਿ ਇਹਨਾਂ ਵਿਆਹ ਭਵਨਾਂ ਵਿਚ ਸੱਭਿਆਚਾਰਕ ਗਰੁੱਪਾਂ ਵੱਲੋਂ ਕੀਤੀਆਂ ਜਾਂਦੀਆਂ ਅਧ-ਨੰਗੀਆਂ ਪੇਸ਼ ਕਰਨ ਅਤੇ ਪਿੱਛੇ ਚੱਲ ਰਹੇ ਲੱਚਰ ਗੀਤਾਂ ਤੇ ਬਰਾਤ ਗਏ ਸੱਤਰੇ-ਬਹੱਤਰੇ ਪੈਗ ਹੱਥ 'ਚ ਫੜ ਕੇ ਨੱਚਦੇ ਹਨ। ਭਾਵੇਂ ਕਿ ਉਹਨਾਂ ਦੇ ਸਾਹਮਣੇ ਉਹਨਾਂ ਦੀਆਂ ਪੋਤਰੀਆਂ ਦੋਹਤਰੀਆਂ ਜਾਂ ਧੀਆਂ ਹੀ ਕਿਉਂ ਨਾ ਬੈਠੀਆਂ ਹੋਣ। ਜਦੋਂ ਬਜ਼ੁਰਗ ਐਨਾ ਨਿੱਘਰ ਜਾਣ ਤਾਂ ਉਹ ਸਮਾਜ ਵਿਚ ਮਾਰਗ ਦਰਸ਼ਨ ਕਰਨ ਵਾਲੇ ਰਹਿਨੁਮਾਂ ਨਹੀਂ ਰਹਿੰਦੇ। ਉਹ ਇਸ ਸਮੇਂ ਜੇ ਇਸ ਵਰਤਾਰੇ ਨੂੰ ਰੋਕ ਨਹੀਂ ਸਕਦੇ ਤਾਂ ਘੱਟੋ-ਘੱਟ ਆਪਣੇ ਆਪ ਨੂੰ ਆਪਣੀਆਂ ਬਿਰਤਰੀਆਂ ਨੂੰ ਜਾਂ ਆਪਣੀਆਂ ਵਾਸ਼ਨਾਵਾਂ ਨੂੰ ਕਾਬੂ ਵਿਚ ਤਾਂ ਰੱਖ ਸਕਦੇ ਹਨ। ਫਿਰ ਉਹ ਝੂਰਦੇ ਹਨ ਕਿ ਉਹਨਾਂ ਦੇ ਧੀਆਂ ਪੁੱਤ ਜਾਂ ਪੁੱਤ ਪੋਤਰੇ ਉਹਨਾਂ ਦੀ ਸਿਆਣ ਨਹੀਂ ਕੱਢਦੇ, ਉਨ੍ਹਾਂ ਦੇ ਕੋਲ ਨਹੀਂ ਬਹਿੰਦੇ, ਸਤਿਕਾਰ ਨਹੀਂ ਕਰਦੇ। ਜਦੋਂ ਉਹ ਆਪਣਾ ਅਜਿਹਾ ਝੱਲ ਖਿਲਾਰਦੇ ਹਨ ਤਾਂ ਆਪਣੇ ਅਮਲਾਂ ਦੀਆਂ ਕਿੱਕਰਾਂ ਬੀਜ ਕੇ ਦਾਖਾਂ ਭਾਲਣ ਵਾਲੀ ਬੇਵਕੂਫੀ ਕਰਦੇ ਹਨ। ਕਾਰਨ ਕਿ ਉਹਨਾਂ ਆਪਣਾ ਫਰਜ਼ ਭੁੱਲ ਕੇ ਰਹਿਨੁਮਾਈ ਨਹੀਂ ਕੀਤੀ ਹੁੰਦੀ।

ਹੁਣ ਤਾਂ ਹਰ ਰਸਮੋਂ ਰਿਵਾਜ਼ ਵਿਚ ਡੀ.ਜੇ. ਪ੍ਰਧਾਨ ਹੈ। ਕਿਸੇ ਖੁਸ਼ੀ ਮੌਕੇ ਜਾਂ ਮਰਗ ਦੇ ਭੋਗ ਮੌਕੇ ਭਾਈ ਜੀ ਜਾਂ ਕੀਰਤਨੀਏ ਚੰਗੇ ਸਾਊਂਡ ਸਿਸਟਮ ਦੀ ਮੰਗ ਰੱਖਦੇ ਹਨ। ਉਹਨਾਂ ਨੂੰ ਡੀ.ਜੇ. ਸਿਸਟਮ ਤੇ ਗੁਰਬਾਣੀ ਗਾਇਨ ਤੇ ਪਾਰ ਕਰਨ ਵਿਚ ਅਨੰਦ ਆਉਂਦਾ ਹੈ। ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵਾਂ ਤੇ ਲਗਾਏ ਜਾਂਦੇ ਚਾਹ ਪਕੌੜਿਆਂ ਦੇ ਲੰਗਰਾਂ ਤੇ ਜਾਂ ਗਰਮੀ ਵਿਚ ਲਗਾਈਆਂ ਜਾਂਦੀਆਂ ਛਬੀਲਾਂ ਤੇ ਡੀ.ਜੇ. ਪ੍ਰਧਾਨ ਹੁੰਦਾ ਹੈ। ਬਾਬੇ ਨਾਨਕ ਦੀ ਰਬਾਬ ਤਾਂ ਇਹਨਾਂ ਨੇ ਕਦੋਂ ਦੀ ਪੈਰਾਂ ਹੇਠ ਲਿਤਾੜ ਦਿੱਤੀ ਹੈ। ਬਾਣੀ ਉਹ ਬਾਬੇ ਨਾਨਕ ਦੀ ਪੇਸ਼ ਕਰਦੇ ਹਨ। ਇਹ ਸਮੁੱਚਾ ਰੁਝਾਨ ਇਕ ਸ਼ੋਰ ਬਣ ਕੇ ਰਹਿ ਗਿਆ ਹੈ ਤੇ ਮਨੁੱਖ ਇਸ ਵਿਚ ਗੁਆਚ ਕੇ ਰਹਿ ਗਿਆ ਹੈ। ਕੀ ਅਸੀਂ ਐਨੇ ਬੋਲੇ ਹੋ ਚੁੱਕੇ ਹਾਂ ਕਿ ਡੀ.ਜੇ. ਬਿਨ੍ਹਾਂ ਸਾਨੂੰ ਕੁਝ ਸੁਣਾਈ ਹੀ ਨਹੀਂ ਦਿੰਦਾ। ਇੰਜ ਡੀ.ਜੇ. ਸਿਰਫ਼ ਵਿਆਹ ਭਵਨਾਂ ਵਿਚ ਹੀ ਭਾਰੂ ਨਹੀਂ ਰਹੇ ਸਗੋਂ ਸਮਾਜਿਕ ਅਤੇ ਧਾਰਮਿਕ ਸੰਸਕਾਰਾਂ ਵਿਚ ਵੀ ਕੈਂਸਰ ਦੇ ਕੀਟਾਣੂੰਆਂ ਵਾਂਗ ਘੁਸਪੈਠ ਕਰ ਚੁੱਕੇ ਹਨ।

ਵਿਦੇਸ਼ਾਂ ਵਿਚ ਸਿੱਖ ਜਾਂ ਪੰਜਾਬੀ ਕਿਹੜਾ ਨਹੀਂ ਵਸਦੇ ਉਥੇ ਗੁਰਦੁਆਰੇ ਵੀ ਹਨ। ਪਰ ਨਿਸ਼ਾਨ ਸਾਹਿਬ ਤੇ ਚਾਰ-ਚਾਰ ਸਪੀਕਰ ਨਹੀਂ ਬੰਨੇ ਹੁੰਦੇ ਤੇ ਉਥੇ ਧੀਮੀ ਆਵਾਜ਼ ਵਿਚ ਗੁਰਬਾਣੀ ਗਾਇਨ ਹੁੰਦਾ ਹੈ ਤੇ ਵਿਆਹ ਸਮੇਂ ਘਰ ਦੀ ਚਾਰ ਦੀਵਾਰੀ ਅੰਦਰ-ਅੰਦਰ ਹੀ ਓਨਾ ਕੁ ਸੰਗੀਤ ਵੱਜਦਾ ਹੈ ਜੋ ਦੂਸਰੇ ਦੇ ਕੰਮਾਂ ਵਿਚ ਖੱਲਰ ਨਾ ਪਾਵੇ। ਪਰ ਏਥੇ ਲੀਡਰਾਂ ਨੂੰ ਵੀ ਵੋਟਾਂ ਖਾਤਰ ਲੋਲੀਪਾਪ ਵਰਗੇ ਅੱਛੇ ਦਿਨਾਂ ਦੇ ਸੁਪਨੇ ਦਿਖਾਉਣ ਲਈ ਡੀ.ਜੇ. ਸਿਸਟਮ ਚਾਹੀਦਾ ਹੈ।

ਸ਼ੋਰ ਨਾਲ ਸਬੰਧਿਤ ਜੁੜੀ ਗੱਲ ਨੂੰ ਆਪਾਂ ਫੇਰ ਉਸੇ ਦਿਸ਼ਾ ਤੇ ਕੇਂਦਰਤ ਕਰਦੇ ਹਾਂ ਕਿ ਅੱਜ ਸਾਡੀ ਵਿਰਾਸਤ ਨੂੰ, ਅਣਖ ਨੂੰ ਸਿਉਂਕ ਖਾ ਚੁੱਕੀ ਹੈ। ਸਾਡੇ ਸੰਸਕਾਰ ਸਾਥੋਂ ਗੁਆਚ ਗਏ ਹਨ। ਕਈ ਇਸ ਬਾਰੇ ਇਹ ਕਹਿੰਦੇ ਹਨ ਕਿ ਇਹ ਸਮਾਜਿਕ ਤਬਦੀਲੀ ਹੈ-ਤਬਦੀਲੀ ਕੁਦਰਤ ਦਾ ਨਿਯਮ ਹੈ। ਫਿਰ ਤਾਂ ਸਾਨੂੰ ਕੈਨੇਡਾ, ਅਮਰੀਕਾ ਜਾਣ ਲਈ ਭੈਣ-ਭਰਾ ਦਾ ਜਾਂ ਸਲਵਾਨ ਦੀ ਉਮਰ ਵਰਗੇ ਵਿਦੇਸ਼ੀ ਲਾੜਿਆਂ ਦਾ 20-25 ਸਾਲ ਦੀ ਲੜਕੀ ਨੂੰ ਵਿਆਹ ਕੇ ਲੈ ਜਾਣਾ ਜਾਂ ਸੱਠ ਸਾਲ ਦੇ ਬਾਬੇ ਵੱਲੋਂ 7-8 ਸਾਲ ਦੀ ਪੋਤਰੀ ਵਰਗੀ ਬੱਚੀ ਨਾਲ ਕੀਤੀ ਬਦਫੈਲੀ ਨੂੰ ਵੀ ਸਮਾਜਿਕ ਤਬਦੀਲੀ ਕਹਿਣਾ ਪਵੇਗਾ। ਕਿਉਂਕਿ ਲਿੰਗਕ ਅਪਰਾਧਾਂ ਦਾ ਵਾਧਾ ਅਤੇ ਉਹ ਗਾਇਕੀ ਜਿਸ ਵਿਚ ਸ਼ਰਾਬ ਦੀ ਜਾਂ ਚਿੱਟੇ ਨਸ਼ੇ ਦੀ ਜਾਂ ਕੁੜੀਆਂ ਮਗਰ ਲਈ ਜਾਂਦੀਆਂ ਲਗਾੜਿਆਂ ਦੀ ਖਰਗੋਸ਼ ਮਗਰ ਪਏ ਕਈ ਕੁੱਤਿਆਂ ਵਾਂਗ ਗੀਤਾਂ ਦੇ ਫਿਲਮਾਂਕਣ ਨੂੰ ਵੀ ਤਬਦੀਲੀ ਕੁਦਰਤ ਦਾ ਨਿਯਮ ਹੈ ਦੇ ਸਿਧਾਂਤ ਨੂੰ ਸਮਝ ਕੇ ਪ੍ਰਵਾਨ ਕਰਨਾ ਪਵੇਗਾ? ਕੀ ਤੁਸੀਂ ਆਪਣੇ ਧੀਆਂ-ਪੁੱਤਰਾਂ ਤੇ ਜਾਂ ਪੋਤਰੀਆਂ ਦੋਹਤੀਆਂ ਦੇ ਇਸ ਵਹਿਣ 'ਚ ਬਹਿ ਕੇ ਉਥਲ ਜਾਣ ਨੂੰ ਜਾਇਜ਼ ਮੰਨੋਗੇ? ਜੇ ਜਵਾਬ ਨਹੀਂ ਹੈ ਤਾਂ ਫਿਰ ਇਸ ਵਰਤਾਰੇ ਨੂੰ ਠੱਲ ਕੌਣ ਪਾਊ? ਜਾਂ ਤਾਂ ਪੁੱਤਰਾਂ ਦਾ ਨਸ਼ੇੜੀ ਹੋ ਜਾਣਾ ਤੇ ਧੀਆਂ, ਪੋਤਰੀਆਂ ਦਾ ਉਥਲ ਜਾਣਾ ਸਵੀਕਾਰ ਕਰੋ ਜੇ ਅਣਖ ਬਾਕੀ ਹੈ ਤਾਂ ਬਾਬਾ ਦੀਪ ਸਿੰਘ ਵੱਲੋਂ ਖੰਡੇ ਨਾਲ ਲਕੀਰ ਖਿੱਚਣ ਵਾਂਗ ਆਪਣੇ ਬੌਧਿਕ ਖੰਡੇ ਨਾਲ ਲਕੀਰ ਖਿੱਚ ਕੇ ਇਸ ਲਕੀਰ ਦੇ ਆਰ ਜਾਂ ਪਾਰ ਖੜਨਾ ਪਵੇਗਾ। ਇਹ ਵਰਤਮਾਨ ਸਮੇਂ ਦੀ ਫੌਰੀ ਲੋੜ ਹੈ। ਨਹੀਂ ਤਾਂ ਜਿਵੇਂ ਵੱਖ-ਵੱਖ ਚੈਨਲਾਂ ਰਾਹੀਂ ਇਕ ਨਹੀਂ ਸੈਂਕੜੇ ਵਾਰ ਨੌਜਵਾਨਾਂ ਨੂੰ, ਨੌਜਵਾਨ ਕੁੜੀਆਂ ਦੀ ਕਿਸ਼ੋਰ ਅਵਸਥਾ ਦੇ ਪੁੰਗਰਦੇ ਸੰਵੇਗਾ ਅਤੇ ਜਿਵੇਂ ਬਜ਼ੁਰਗਾਂ ਦੀ ਚਿੱਟੀ ਪੱਗ ਨੂੰ ਉਹ ਖੁਦ ਹੀ ਇਸ ਵਰਤਾਰੇ ਦਾ ਹਿੱਸਾ ਬਣ ਕੇ ਯੋਗਦਾਨ ਪਾ ਰਹੇ ਹਨ ਉਹਨਾਂ ਦੀ ਧੌਣ 'ਚ ਹੱਥ ਪਾਉਣਾ ਪਵੇਗਾ।




– ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com


ਪੁਰਾਣੇ ਸਮੇਂ ਵਿਚ ਇਹ ਬਜ਼ੁਰਗ ਹੀ ਤਾਂ ਕਹਿੰਦੇ ਹੁੰਦੇ ਸਨ ਕਿ ਗਾਉਣ ਵਾਲਾ, ਗੱਲ, ਕੰਜਰੀ ਲੈਂਦੇ ਜੋਬਨ ਵਿਚ ਬਹਾਰ। ਹੁਣ ਇਸਦੇ ਬਿਲਕੁਲ ਉਲਟ ਲੱਚਰ ਗੀਤਾਂ ਦੇ ਫਿਲਮਾਂਕਣ ਵਿਚ ਇਹ ਧੌਲ ਦਾਹੜੀਏ ਕਿਹੜੀ ਬਹਾਰ ਲੈ ਰਹੇ ਹਨ। ਜੇ ਬਜ਼ੁਰਗਾਂ ਦਾ ਹੀ ਆਵਾ ਊਤ ਜਾਵੇ ਤਾਂ ਫਿਰ ਹੱਥੋਂ ਕਿਰਦੀ ਜਾ ਰਹੀ ਜਵਾਨੀ ਨੂੰ ਕੀ ਕਹੀਏ? ਅੱਜਕਲ੍ਹ ਦੇ ਲੱਚਰਤਾ ਭਰਪੂਰ ਗਾਉਣ ਵਾਲੇ ਤਾਂ ਨੌਜਵਾਨ ਹਨ। ਸਾਹਿਤ ਤੋਂ ਸੱਭਿਆਚਾਰ ਤੇ ਇਤਿਹਾਸਕ ਵਿਰਾਸਤ ਨਾਲੋਂ ਟੁੱਟੇ ਹੋਏ 20-25 ਸਾਲ ਦੇ ਨੌਜਵਾਨ ਹਨ। ਅੱਗੇ ਗੁੜ ਨਾਲੋਂ ਇਸ਼ਕ ਮਿੱਠਾ ਗਾਉਣ ਵਾਲੇ ਦੀ ਬੇਟੀ ਨੇ ਕੀ ਕੀਤਾ ਹੈ ਸਭ ਦੇ ਸਾਹਮਣੇ ਹਨ। ਤੇ ਖ਼ੈਰ ਸੁੱਖ "ਲੱਕ ਟਵੰਟੀ ਏਟ ਕੁੜੀ ਦਾ" ਗਾਉਣ ਵਾਲੇ ਦੀ ਧੀ ਜਾਂ ਭੈਣ ਜਾਂ ਪੋਤਰੀ ਦੀ ਵੀ ਨਹੀਂ ਹੈ। ਕਿਉਂਕਿ ਇਹ ਉਮਰ ਹੋਰ ਆਉਂਦੇ ਪੰਦਰਾਂ-ਵੀਹ ਸਾਲਾਂ ਨੂੰ ਨਹੀਂ ਰਹਿਣੀ ਤੇ ਇੰਜ ਜੋਹੋ ਜਿਹਾ ਇਹ ਬੀਜਣਗੇ ਉਹੋ ਜਿਹਾ ਹੀ ਇਹਨਾਂ ਨੂੰ ਵੱਢਣਾ ਪਵੇਗਾ। ਜ਼ਰ੍ਹਾ ਸੋਚੋ ਕੀ ਪ੍ਰਕਾਸ਼ ਕੌਰ, ਸੁਰਿੰਦਰ ਕੌਰ ਜਾਂ ਗੁਰਮੀਤ ਬਾਵਾ ਨੂੰ ਅਜਿਹਾ ਵੱਢਣਾ ਪਿਆ ਬਿਲਕੁਲ ਨਹੀਂ ਕਿਉਂਕਿ ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੇ ਮੋਹ ਭਰੇ ਗੀਤਾਂ ਦੀ ਪਿਰਤ ਨੂੰ ਅੱਗੇ ਤੋਰਿਆ ਹੈ। ਸਮਾਜ ਨੂੰ ਅਜਿਹੇ ਗਾਇਕਾਂ ਦੀ ਲੋੜ ਹੈ ਜੋ ਪੰਜਾਬ ਦੇ ਖੁਰ ਰਹੇ ਸੱਭਿਆਚਾਰ ਜਿਸ ਵਿਚ ਮਨੁੱਖ ਦੇ, ਬਾਪ ਦੇ, ਧੀਆਂ ਦੇ ਮੋਹ ਪਿਆਰ ਦੇ ਜਜ਼ਬੇ ਸਲਾਮਤ ਰਹਿਣ।

ਕਲਮ ਇਕ ਜੀਭ ਦਾ ਰੂਪ ਹੁੰਦੀ ਹੈ ਜੋ ਅੱਖਰਾਂ ਰਾਹੀਂ ਬੋਲਦੀ ਹੈ। ਇਸ ਤਰ੍ਹਾਂ ਲੱਚਰ ਲਿਖਣ ਵਾਲਿਆਂ ਦੀਆਂ ਕਾਲੀਆਂ ਜੀਭਾਂ ਵਿਚ ਵੀ ਜੁੱਤੀ ਦੇ ਤਲੇ ਲਗਦੀਆਂ ਛੋਟੀਆਂ ਮੇਖਾਂ ਵਾਂਗ ਉਹਨਾਂ ਦੀ ਜੀਭ 'ਚ ਅਜਿਹੀਆਂ ਮੇਖਾਂ ਠੋਕ ਕੇ ਲੋਕਾਂ ਵੱਲੋਂ ਹੰਢਾਈ ਜਾ ਰਹੀ ਅਸਲੀ ਜੂਨ ਤੇ ਕੇਂਦਰਤ ਕਰਨਾ ਹੋਵੇਗਾ। ਅੱਜ ਪੜ੍ਹੇ ਲਿਖੇ ਬੇਰੁਜ਼ਗਾਰ ਹੁਕਮਰਾਨਾਂ ਦੀ ਪੁਲੀਸ ਦੀਆਂ ਡਾਂਗਾਂ ਦੀ ਅੱਗ ਸੇਕ ਰਹੇ ਹਨ। ਟੈਂਕੀਆਂ ਤੇ ਚੜ੍ਹ ਕੇ ਆਤਮਦਾਹ ਕਰਨ ਲਈ ਮਜਬੂਰ ਹਨ। ਮਜ਼ਦੂਰ ਤੇ ਕਿਸਾਨ ਹਰ ਰੋਜ਼ ਆਰਥਿਕ ਤੰਗੀਆਂ ਕਾਰਨ ਖੁਦਕਸ਼ੀਆਂ ਕਰ ਰਹੇ ਹਨ। ਜਾਅਲੀ ਡਿਗਰੀਆਂ, ਜਾਅਲੀ ਕਰੰਸੀ, ਸ਼ਰਾਬ ਦੇ ਠੇਕਿਆਂ ਦੀ ਗਿਣਤੀ, ਸਕੂਲਾਂ ਤੇ ਹਸਪਤਾਲਾਂ ਨਾਲੋਂ ਆਏ ਸਾਲ ਵਧ ਰਹੀ ਹੈ।

ਲੋਕਾਈ ਵੱਲੋਂ ਹੰਢਾਈ ਜਾ ਰਹੀ ਜ਼ਿੰਦਗੀ ਨਾਲ ਤਾਂ ਇਹ ਗਾਇਕੀ ਮੇਲ ਹੀ ਨਹੀਂ ਖਾ ਰਹੀ। ਲੋਕ ਗੀਤਾਂ ਦੀ ਪ੍ਰੀਭਾਸ਼ਾ ਇਹ ਹੈ ਕਿ ਜੋ ਗੀਤ ਲੋਕਾਂ ਵੱਲੋਂ ਹੰਢਾਈ ਜਾ ਰਹੀ ਤ੍ਰਾਸਦੀ ਦੀ ਗੱਲ ਕਰਨ, ਉਹਨਾਂ ਦੇ ਦੁਖਾਂ 'ਚ ਸ਼ਰੀਕ ਹੋਣ, ਉਹਨਾਂ ਦੀ ਖੁਸ਼ੀ ਨੂੰ ਸਲੀਕੇ ਨਾਲ ਪੇਸ਼ ਕਰਨ। ਜੋ ਕੁਝ ਪੇਸ਼ ਕੀਤਾ ਜਾ ਰਿਹਾ ਹੈ ਜਾਂ ਗਾਇਕੀ ਦੇ ਰੂਪ ਵਿਚ ਪਰੋਸਿਆ ਜਾ ਰਿਹਾ ਹੈ ਉਹਨਾਂ ਦੇ ਚਿੱਕੜ ਲਿੱਬੜੇ ਸ਼ਬਦ ਜਾਂ ਮੁੱਖੜੇ ਲਿਖਦਿਆਂ ਵੀ ਸ਼ਰਮ ਆਉਂਦੀ ਹੈ। ਅਜਿਹੇ ਗਾਇਕਾਂ ਨੂੰ ਕੋਈ ਹੱਕ ਨਹੀਂ ਕਿ ਉਹ ਵੀਹ ਗੰਦੇ ਗਾਣੇ ਗਾ ਕੇ ਇਕ ਦੋ ਸ਼ਬਦ ਸੂਰਮਿਆਂ ਬਾਰੇ ਜਾਂ ਧਾਰਮਿਕ ਗੀਤਾਂ ਨਾਲ ਆਪਣਾ ਗੰਦਾ ਚਿਹਰਾ ਸਾਫ਼ ਕਰਨ। ਲੋਕਾਈ ਦਾ ਇਹ ਫਰਜ਼ ਬਣਦਾ ਹੈ ਕਿ ਚਿੱਕੜ ਦੀ ਨਾਲੀ 'ਚ ਮੂੰਹ ਮਾਰ ਰਿਹਾ ਸੂਰ ਅਰਬੀ ਘੋੜਾ ਬਣਨ ਦਾ ਜਾਂ ਨੀਲੇ ਦੇ ਸ਼ਾਹ ਅਸਵਾਰਾਂ ਦਾ ਘੋੜਾ ਬਣਨ ਦੀ ਕੋਸ਼ਿਸ਼ ਕਰਨ। ਜੋ ਧਾਰਮਿਕ ਸੰਸਥਾਵਾਂ ਇਹਨਾਂ ਦੇ ਵਿਗੜੇ ਹੁਲੀਏ ਨੂੰ ਸਿਰੋਪਾਓ ਬਖਸ਼ਦੀਆਂ ਹਨ ਜਾਂ ਪਿੰਡਾਂ ਦੀਆਂ ਉਹ ਸੰਸਥਾਵਾਂ ਜੋ ਪਿੰਡਾਂ 'ਚ ਇਹਨਾਂ ਸੱਭਿਆਚਾਰ ਦੇ ਕਾਤਲਾਂ ਸਿਰ ਫੁਲਕਾਰੀ ਤਾਣ ਕੇ ਲਿਆਉਂਦੀਆਂ ਹਨ। ਉਹ ਇਹਨਾਂ ਦੀ ਧਿਰ ਬਣ ਕੇ ਆਪਣਾ ਆਪ ਲਿਬੇੜ ਰਹੀਆਂ ਹਨ। ਜਿਥੇ ਕਬੱਡੀ ਦੇ ਟੂਰਨਾਮੈਂਟ ਖਤਮ ਹੋਣ ਤੇ ਨਸ਼ਿਆਂ ਤੇ ਸਰਿੰਜਾਂ ਦਾ ਗੰਦ ਖੇਡ ਮੈਦਾਨਾਂ ਵਿਚ ਖਿਲਰਿਆ ਮਿਲਦਾ ਹੈ। ਉਸੇ ਤਰ੍ਹਾਂ ਇਹਨਾਂ ਦੇ ਗੰਦੇ ਬੋਲਾਂ ਦਾ ਖਿਲਾਰਿਆ ਗੰਦ ਪੰਜਾਬੀਅਤ ਦੀ ਅਣਖ ਅਤੇ ਗ਼ੈਰਤ ਤੇ ਨਸ਼ੇੜੀ ਹੋਣ ਦੀ ਘਿਨਾਉਣੇ ਰੂਪ 'ਚ ਦੇਖਿਆ ਜਾ ਸਕਦਾ ਹੈ।

ਇਸ ਗੱਲ ਦਾ ਬੇਹੱਦ ਦੁੱਖ ਹੈ ਅਤੇ ਇਹ ਗੱਲ ਵਿਚਾਰਨਯੋਗ ਵੀ ਹੈ। ਦੂਸਰਾ ਇਹਨਾਂ ਗੰਦੇ ਗੀਤਾਂ ਦੇ ਫਿਲਮਾਂਕਣ ਵਿਚ ਕੰਮ ਕਰ ਰਹੇ ਧੌਲ ਦਾਹੜੀਆਂ ਦਾ ਵੀ ਫਰਜ਼ ਹੈ ਕਿ ਉਹ ਇਸਨੂੰ ਰੋਕਣ ਵਿਚ ਸਹੀ ਸੇਧ ਦੇਣ ਵਿਚ ਆਪਣਾ ਬਜ਼ੁਰਗਾਂ ਵਾਲਾ ਫਰਜ਼ ਨਿਭਾਉਣ ਤਾਂ ਜੋ ਇਹਨਾਂ ਬਜ਼ੁਰਗਾਂ ਦਾ ਖਿਲਾਰਿਆ ਗੰਦ ਸ਼ਰਾਬ ਦੇ ਠੇਕਿਆਂ ਵਾਂਗ ਬਿਰਧ ਆਸ਼ਰਮਾਂ ਵਿਚ ਵਾਧਾ ਨਾ ਕਰੇ। ਅਜਿਹੀ ਸਥਿਤੀ ਵਿਚ ਲਿਖਣ ਤੇ ਗਾਉਣ ਵਾਲੇ ਨਾਲੋਂ ਇਹਨਾਂ ਧੌਲ ਦਾਹੜੀ ਦੇ ਬਜ਼ੁਰਗਾਂ ਦੀ ਜ਼ੁੰਮੇਵਾਰੀ ਵੱਧ ਬਣਦੀ ਹੈ। ਉਹ ਇਸਨੂੰ ਆਪਣੀ ਪ੍ਰਾਪਤੀ ਬਣਾ ਕੇ ਨਾ ਦੱਸਣ ਕਿ ਉਹਨਾਂ ਨੇ ਐਨੇ ਗੀਤਾਂ ਵਿਚ ਆਪਣੀ ਸਫੇਦ ਦਾਹੜੀ ਨਾਲ ਖੇਹ ਖਾਧੀ ਹੈ। ਸਗੋਂ ਸਮਾਜ ਨੂੰ ਬਚਾਉਣ ਅਤੇ ਸੇਧ ਦੇਣ ਵਾਲੀ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਕੇ ਸੱਭਿਅਕ ਸਮਾਜ ਦਾ ਹਿੱਸਾ ਬਣਨ ਜਿਥੋਂ ਬਜ਼ੁਰਗਾਂ ਦਾ ਸਤਿਕਾਰ ਹੋਵੇ। ਭੁੱਲੇ ਭਟਕੇ ਨੌਜਵਾਨਾਂ ਲਈ ਉਹਨਾਂ ਦੀ ਸਫੇਦ ਦਾਹੜੀ ਹੀ ਉਹਨਾਂ ਨੂੰ ਵਰਜਣ ਲਈ ਠਾਣੇਦਾਰੀ ਰੋਹਬ ਬਣੇ। ਬਜ਼ੁਰਗਾਂ ਨੂੰ ਇਸ ਚਿੱਕੜ 'ਚੋਂ ਨਿਕਲ ਕੇ ਯਥਾਰਥ ਦੇ ਸੂਰਜ ਵੱਲ ਮੂੰਹ ਕਰਨ ਦੀ ਲੋੜ ਹੈ।


ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੀ ਸੰਗਤ ਨਾਲ ਸਾਂਝਾ ਕਰੋ!
'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...
ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ! ਸਿਰਫ 3,000/- ਪ੍ਰਤੀ ਘੰਟਾ
...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖ਼ਬਰਾਂ ਅੰਤਰ-ਰਾਸ਼ਟਰੀ ਪੰਜਾਬੀ ਮੈਗਜ਼ੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜ਼ਾਨਾ ਆਨਲਾਈਨ ਅਖ਼ਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।



Chief Editor: Bhawandeep Singh Purba

International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ਲਾਈਵ
Monthly Magazine # Daily Online Newspaper # Web TV Channel

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

www.mehakwatandilive.com
Help Line: 9988 92 9988

# ਖੇਡ ਸੱਭਿਆਚਾਰ-ਖੇਡ ਕਾਰੋਬਾਰ

ਐਡਵੋਕੇਟ ਹਾਕਮ ਸਿੰਘ ਭੁੱਲਰ ਬਰਨਾਲਾ

ਮਨੁੱਖ ਨੂੰ ਰੋਜ਼ੀ ਰੋਟੀ ਲਈ ਕੰਮ ਕਰਨ ਤੋਂ ਇਲਾਵਾ, ਆਪਣੀ ਨਿਵੇਕਲੀ ਦਿੱਖ ਅਤੇ ਭਾਈਚਾਰਕ ਸਾਂਝ ਬਣਾਉਣ ਲਈ, ਕੁੱਝ ਹੋਰ ਸਮਾਜਿਕ ਗਤੀ ਵਿਧੀਆਂ ਵਿਚ ਹਿੱਸਾ ਲੈਣਾ ਪੈਂਦਾ ਹੈ। ਰਸਮ ਰਿਵਾਜ ਸਾਡੇ ਪੁਰਖਾਂ ਨੇ ਭਾਈਚਾਰਕ ਸਾਂਝ ਬਣਾਉਣ ਲਈ ਹੀ ਬਣਾਏ ਸਨ। ਫਸਲ ਘਰ ਆਉਣ ਦੀ ਖੁਸ਼ੀ ਵਿਚ ਅਤੇ ਮੌਸਮ ਦੀਆਂ ਤਬਦੀਲੀਆਂ ਨੂੰ ਮੁੱਖ ਰੱਖ ਕੇ ਤਿਉਹਾਰ ਅਤੇ ਮੇਲੇ ਲੱਗਣੇ ਸ਼ੁਰੂ ਹੋਏ। ਮੇਲਿਆਂ ਅਤੇ ਤਿਉਹਾਰਾਂ ਦੇ ਦਿਨਾਂ ਤੇ ਲੋਕ ਇੱਕਠੇ ਹੋ ਕੇ, ਆਪਣੇ ਆਪਣੇ ਸ਼ੌਕ ਦਾ ਪ੍ਰਗਟਾਵਾ ਕਰਿਆ ਕਰਦੇ ਸਨ। ਖੇਡਣਾ, ਨੱਚਣਾ ਅਤੇ ਗਾਉਣਾ ਇਹ ਲੋਕਾਂ ਦੇ ਸ਼ੌਕ ਹੀ ਤਾਂ ਹਨ। ਸੱਭਿਆਚਾਰਕ ਵਿਕਾਸ ਦੇ ਨਾਲ ਨਾਲ , ਸਮਾਂ ਪਾ ਕੇ ਮੁੱਖ ਨੇ ਲੜਾਈਆਂ ਨੂੰ ਵੀ ਖੇਡਾਂ ਵਿਚ ਤਬਦੀਲ ਕਰਨਾ ਸ਼ੁਰੂ ਕਰ ਦਿੱਤਾ। ਅੱਜ ਦੀ ਖੇਡਾਂ ਦਾ ਰੂਪ ਸਮੇਂ ਦੇ ਨਾਲ ਨਾਲ ਬਣਦਾ ਸੰਵਰਦਾ ਰਿਹਾ। ਕੀ ਸਾਹਸ ਅਤੇ ਸ਼ਹਿਣ ਸ਼ੀਲਤਾ, ਮਨੁੱਖ ਨੂੰ ਮਿਲਕੇ ਰਹਿਣ, ਮਿਲਕੇ ਚੱਲਣ, ਜਿੱਤਣ ਤੱਕ ਦੀ ਸਿਰੜ, ਜਿੱਤ ਨੂੰ ਸਮੋਣਾ ਅਤੇ ਹਾਰ ਨੂੰ ਬਰਦਾਸ਼ਤ ਕਰਨਾ ਆਦਿ ਸਾਰੇ ਗੁਣ ਖੇਡਾਂ ਤੋਂ ਹੀ ਸਿੱਖਣ ਨੂੰ ਮਿਲਦੇ ਹਨ। ਖੇਡਾਂ ਚੰਗੀ ਸਿਹਤ ਲਈ ਵਰਦਾਨ ਹਨ। ਭਾਈਚਾਰਕ ਸਾਂਝ ਬਣਾਉਣਾ, ਨੌਜਵਾਨਾਂ ਦੀ ਸਮੁੱਚੀ ਦਿਖ ਸੰਵਾਰਨਾ, ਉਹਨਾਂ ਨੂੰ ਚੰਗੀ ਸਿਹਤ ਲਈ ਪ੍ਰੇਰਣਾ, ਮਾੜੀ ਸੰਗਤ ਅਤੇ ਨਸ਼ਿਆ ਤੋਂ ਬਚਾਉਣਾ ਖੇਡਾਂ ਦਾ ਮੁੱਖ ਮੰਤਵ ਹੈ।

ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ, ਖੇਡ ਭਾਵਨਾ ਨਾਲ ਖੇਡਣਾ, ਖੇਡ ਕੇ ਹੀ ਸਿੱਖਿਆ ਜਾ ਸਕਦਾ ਹੈ। ਖੇਡਾਂ ਦੇ ਵਿਧਾਨ ਦਾ ਪਹਿਲਾ ਨਿਯਮ ਇਹ ਹੈ ਕਿ ਖਿਡਾਰੀਆਂ ਨੇ ਖੇਡਣ ਸਮੇਂ ਖੇਡ ਭਾਵਨਾ ਦਾ ਧਿਆਨ ਰੱਖਣਾ ਹੈ ਹਾਰ ਜਿੱਤ ਤਾਂ ਹੁੰਦੀ ਰਹਿੰਦੀ ਹੈ। ਪਰ ਅੱਜ ਦਾ ਯੁੱਗ, ਪੈਸੇ ਦਾ ਯੁੱਗ ਹੈ। ਪੈਸਾ ਸਰਬਸ਼ਕਤੀਮਾਨ ਬਣ ਬੈਠਾ ਹੈ। ਖਿਡਾਰੀਆਂ ਨੇ ਖੇਡ ਭਾਵਨਾ ਦਾ ਤਿਆਗ ਕਰਕੇ, ਪੈਸੇ ਲਈ ਖੇਡਣਾ ਸ਼ੁਰੂ ਕਰ ਦਿੱਤਾ ਹੈ। ਅੱਜ ਹਰ ਖਿਡਾਰੀ ਖੇਡ ਭਾਵਨਾ ਅਤੇ ਪੈਸੇ ਦੀ ਲਲਕ ਦੇ ਸਵਾਲ ਉੱਪਰ ਦੁਬਿੱਧਾ ਵਿਚ ਹੈ। ਜਿੱਤਣਾ ਮੁੱਖ ਸਵਾਲ ਬਣ ਗਿਆ ਹੈ। ਜਿੱਤਣ ਲਈ ਸਾਰੇ ਹੱਥ ਕੰਡੇ ਵਰਤੇ ਜਾ ਰਹੇ ਹਨ। ਲੜਾਈਆਂ ਹੁੰਦੀਆਂ ਹਨ। ਗੋਲੀਆਂ ਚਲਦੀਆਂ ਹਨ। ਮੌਤਾਂ ਹੁੰਦੀਆਂ ਹਨ। ਮੈਚ ਫਿਕਸ ਹੁੰਦੇ ਹਨ। ਮਾਫੀਆ ਗੈਂਗ, ਗੁੰਡੇ ਅਤੇ ਨੇਤਾ ਲੋਕਾਂ ਦਾ ਖੇਡਾਂ ਵਿਚ ਸਿੱਧਾ ਦਖਲ ਹੋਣ ਲੱਗ ਪਿਆ ਹੈ। ਅੱਜ ਘੜੰਮ ਚੌਧਰੀ ਆਪਣੀ ਬੱਲੇ ਬੱਲੇ ਕਰਾਉਣ ਲਈ ਜਾਂ ਕੋਈ ਰਾਜਨੀਤਿਕ ਲਾਹਾ ਲੈਣ ਲਈ, ਖੇਡ ਮੇਲੇ ਕਰਾਉਂਦੇ ਹਨ। ਅੱਜ ਖੇਡਾਂ ਦਾ ਮੰਤਵ ਨਰੋਈ ਸਿਹਤ ਅਤੇ ਭਾਈਚਾਰਕ ਸਾਂਝ ਨਹੀਂ ਰਿਹਾ। ਖੇਡਾਂ ਦੇ ਨਾਂ ਤੇ ਛੁਪੇ ਏਜੰਡੇ ਪੇਸ਼ ਕੀਤੇ ਜਾਂਦੇ ਹਨ। ਹੈਰਾਨੀ ਹੁੰਦੀ ਹੈ ਜਦੋਂ ਇਲਾਕੇ ਦਾ ਅਫੀਮ ਸ਼ਰਾਬ ਵੇਚਣ ਵਾਲਾ, ਖੇਡ ਮੇਲਿਆਂ ਦਾ ਮੁੱਖ ਮਹਿਮਾਨ ਬਣਕੇ ਖਿਡਾਰੀਆਂ ਨੂੰ ਇਨਾਮ ਵੰਡ ਰਿਹਾ ਹੁੰਦਾ ਹੈ। ਖੇਡ ਕਮੇਟੀਆਂ ਦੇ ਅਹੁਦੇਦਾਰ ਉਹ ਬਣਦੇ ਹਨ ਜਿਹਨਾਂ ਕਦੇ ਖੇਡ ਪਿੜ ਵਿਚ ਪਿੰਡਾ ਨਹੀਂ ਲਿਬੇੜਿਆ ਹੁੰਦਾ। ਕਹਿਣ ਤੋਂ ਰਹਿ ਨਹੀਂ ਹੁੰਦਾ, ਪਹਿਲਾ ਪੰਜਾਬੀ ਕਬੱਡੀ, ਪੰਜਾਬੀ ਸੁਭਾਅ ਮੁਤਾਬਿਕ ਹਿੱਕ ਤਾਣਕੇ ਅਤੇ ਸਿਰ ਉੱਚਾ ਚੁੱਕ ਕੇ ਖੇਡੀ ਜਾਂਦੀ ਸੀ। ਪੰਜਾਬੀ ਕਬੱਡੀ ਅਤੇ ਨੈਸ਼ਨਲ ਕਬੱਡੀ ਦਾ ਹੁਣ ਕੇਵਲ ਗੋਲ ਅਤੇ ਆਇਤਾਕਾਰ ਗਰਾਉਂਡ ਦਾਇਰੇ ਦਾ ਫਰਕ ਰਹਿ ਗਿਆ ਹੈ। ਪਹਿਲਾ ਪੰਜਾਬੀ ਕਬੱਡੀ ਵਿਚ ਸਾਵਾਂ ਖਿਡਾਰੀ, ਬਰਾਬਰ ਦੇ ਸਾਂਵੇ ਖਿਡਾਰੀਆਂ ਨਾਲ ਟੱਕਰ ਲੈਂਦਾ ਸੀ। ਹੁਣ ਨੈਸ਼ਨਲ ਕਬੱਡੀ ਦੀ ਤਰ੍ਹਾਂ, ਜਾਫੀਆਂ ਵਿਚੋ ਰੇਡਰ ਨੂੰ ਉਲੱਝਾਉਂਦਾ ਕੋਈ ਹੈ ਪਕੜਦਾ ਕੋਈ ਹੈ। ਪੰਜਾਬੀਆਂ ਦੀ ਇਸ ਖੇਡ ਵਿਚ ਹੁਣ ਕਬੱਡੀ ਬੋਲੀ ਨਹੀਂ ਜਾਂਦੀ। ਪੰਜਾਬੀ ਕਬੱਡੀ ਦੀ ਮੁੱਢਲੀ ਪਹਿਚਾਣ ਹੀ ਖਤਮ ਕਰ ਦਿੱਤੀ ਹੈ। ਗੱਲ ਕੀ, ਤਕਨੀਕ ਪੱਖੋ ਨੈਸ਼ਨਲ ਕਬੱਡੀ, ਪੰਜਾਬੀ ਕਬੱਡੀ ਨੂੰ ਖਾ ਗਈ ਹੈ. ਪਰ ਇਸਦਾ ਨੋਟਿਸ ਕੋਈ ਨਹੀਂ ਲੈ ਰਿਹਾ। ਅੱਜ ਪੈਸਿਆਂ ਦੀ ਭਰਮਾਰ ਹੋਣ ਕਰਕੇ, ਖਿਡਾਰੀਆਂ ਨੇ ਨਸ਼ਿਆਂ ਦਾ ਸੁਆਦ ਲੈਣਾ ਸ਼ੁਰੂ ਕਰ ਦਿੱਤਾ ਹੈ। ਖਿਡਾਰੀ ਤਾਕਤ ਅਤੇ ਸਟੈਮਨੇ ਲਈ ਟੀਕੇ ਲਗਵਾਕੇ ਖੇਡਦੇ ਹਨ। ਸਿਹਤ ਦਾ ਕੋਈ ਧਿਆਨ ਨਹੀਂ ਹੈ। ਖੇਡਾਂ ਦਾ ਮਿਆਰ ਡਿੱਗ ਰਿਹਾ ਹੈ। ਖਿਡਾਰੀ ਜ਼ਿੰਦਗੀ ਭਰ ਲਈ ਨਸ਼ੇੜੀ ਬਣ ਰਹੇ ਹਨ। ਸਾਰਾ ਕੁੱਝ ਖੇਡ ਭਾਵਨਾ ਦੇ ਉਲਟ ਹੋ ਰਿਹਾ ਹੈ।

ਸੱਚ ਇਹ ਹੈ ਕਿ ਪੈਸੇ ਨੇ ਲੋਕਾਂ ਦੀ ਮੱਤ ਮਾਰ ਰੱਖੀ ਹੈ। ਖਿਡਾਰੀ ਵੀ ਲੋਕਾਂ ਵਿਚ ਸ਼ਾਮਲ ਹਨ। ਲੋਕ ਭੁੱਲ ਬੈਠੇ ਹਨ ਕਿ ਖੇਡਣਾ, ਨੱਚਣਾ ਅਤੇਗ 'ਉਣਾਮ ਨੁੱਖੀਸ਼ ੌਕ,ਵ ੇਚਣਲ ਈ ਨਹੀਂ ਹੁੰਦੇ। ਜਿਹੜੇ ਸ਼ੌਕ ਵੇਚਦੇ ਹਨ, ਇਕ ਦਿਨ ਖੁਦ ਵਿਕ ਜਾਂਦੇ ਹਨ। ਅੱਜ ਖਿਡਾਰੀ ਖੇਡਾਂ ਨੂੰ ਰੋਟੀ ਰੋਜ਼ੀ ਦੇ ਸਾਧਨ ਵਜੋਂ ਸੋਚਣ ਅਤੇ ਦੇਖਣ ਲੱਗ ਪਏ ਹਨ। ਭਾਵੇਂ ਇਹ ਸੋਚ ਕਿਸੇ ਮਜਬੂਰੀ ਵੱਸ ਬਣੀ ਹੋਵੇ। ਪਰ ਇਸ ਸੋਚ ਨੇ ਖੇਡ ਸੱਭਿਆਚਾਰ ਵਿਚ ਗਿਰਾਵਟ ਦਾ ਮੁੱਢ ਬੰਨ੍ਹ ਦਿੱਤਾ ਹੈ। ਅੱਜ ਖਿਡਾਰੀ ਖੇਡਾਂ ਤੋਂ ਕਮਾਈ ਕਰਨ ਲੱਗ ਪਏ ਹਨ। ਖੇਡ ਸੱਭਿਆਚਾਰ ਖੇਡ ਮਿਆਰ ਅੱਜ ਖੇਡ ਕਾਰੋਬਾਰ ਵਿਚ ਬਦਲ ਗਿਆ ਹੈ। ਰਿਸ਼ਟ ਪੁਸ਼ਟ ਸ਼ਰੀਰ ਵਿਚ ਨਰੋਆ ਦਿਮਾਗ ਵਾਲੇ ਕਥਨ ਨੂੰ ਝੂਠਾ ਸਾਬਤ ਕੀਤਾ ਜਾ ਰਿਹਾ ਹੈ। ਖੇਡ ਅਤੇ ਜੂਏ ਵਿਚ ਅੰਤਰ ਮਿੱਟ ਚੁੱਕਿਆ ਹੈ। ਖੇਡਣ ਦਾ ਮੰਤਵ ਅਤੇ ਮੰਜ਼ਿਲ ਦੋਵੇਂ ਪੈਸੇ ਬਣ ਚੁੱਕੇ ਹਨ। ਖੇਡਾਂ ਨੂੰ ਸਰਮਾਇਆ ਇਕੱਠਾ ਕਰਨ ਦੇ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ। ਖੇਡਾਂ ਦੀ ਦਸ਼ਾ ਅਤੇ ਦਿਸ਼ਾ ਦੋਵੇਂ ਬਦਲ ਚੁੱਕੀਆਂ ਹਨ।

ਬਹੁਤ ਦੁੱਖ ਹੁੰਦਾ ਹੈ ਜਦੋਂ ਖਿਡਾਰੀ ਇਹ ਕਹਿੰਦੇ ਹਨ ਕਿ ਭਾਰਤੀ ਖੇਡਾਂ ਹਾਕੀ, ਕਬੱਡੀ ਨੂੰ ਵੀ ਕ੍ਰਿਕਟ ਦੀ ਤਰ੍ਹਾਂ ਵਪਾਰਕ ਪੱਖ ਪਰਮੋਟ ਕੀਤਾ ਜਾਵੇ। ਤਰਸ ਆਉਂਦਾ ਹੈ ਕਿ ਉਹ ਖੁਦ ਹੀ ਆਪਣੇ ਪੈਰੀਂ ਕੁਹਾੜਾ ਮਾਰੀ ਜਾ ਰਹੇ ਹਨ। ਵਪਾਰ ਜੂਏ ਦੀ ਕਿਸਮ ਵਿਚੋਂ ਹੀ ਹੁੰਦਾ ਹੈ। ਵਪਾਰ ਖਰਚਾ-ਮੁਨਾਫਾ ਦੀ ਖੇਡ ਹੈ। ਇਸ ਵਿਚ ਨਾਮ ਖਰਚਾ ਕਰਨ ਅਤੇ ਮੁਨਾਫ਼ਾ ਕਮਾਉਣ ਵਾਲੇ ਦਾ ਹੀ ਹੁੰਦਾ ਹੈ, ਬਾਕੀਆਂ ਨੂੰ ਹੀਰੋ ਕਹਿ ਲਵੋ, ਪਾਤਰ ਕਹਿ ਲਵੋ, ਪਰ ਹੈਸੀਅਤ ਉਹਨਾਂ ਦੀ ਕੰਜਰ, ਕੰਜਰੀਆਂ, ਘੋੜੇ, ਜੌਕੀ, ਮੋਹਰੇ ਅਤੇ ਕਠਪੁਤਲੀਆਂ ਵਾਲੀ ਹੀ ਹੁੰਦੀ ਹੈ। ਮਨ ਦੀ ਖੁਸ਼ੀ ਦਾ, ਸ਼ੌਕ ਦਾ, ਜਿਸਮ ਦਾ ਵਪਾਰ ਨਹੀਂ ਕਰੀਦਾ। ਸ਼ੌਕ ਤਾਂ ਰੂਹ ਦੀ ਖੁਸ਼ੀ ਲਈ ਹੁੰਦੇ ਹਨ। ਕਿਰਤ ਮੁੱਲ ਸਿਰਜਦੀ ਹੈ। ਕਿਰਤ ਦੀਆਂ ਬਰਕਤਾਂ ਨੂੰ ਸਮਝਣ ਦੀ ਲੋੜ ਹੈ। ਅੱਜ ਤੱਕ ਦਾ ਹੋਇਆ ਸਮਾਜਿਕ ਵਿਕਾਸ ਕਿਰਤ ਦਾ ਇਤਿਹਾਸ ਹੀ ਹੈ। ਕਿਰਤ ਲਈ ਜ਼ਰੂਰੀ ਹੈ। ਇਸ ਲਈ ਰੋਟੀ ਲਈ ਕੰਮ ਕਰਨਾ ਜ਼ਰੂਰੀ ਹੈ। ਇਹ ਗੱਲ ਵੀ ਸਹੀ ਹੈ ਕਿ ਸਾਡੀ ਸਰਕਾਰ ਖਿਡਾਰੀਆਂ ਦੀ ਬਾਂਹ ਫੜਨ ਨੂੰ ਤਿਆਰ ਨਹੀਂ। ਲੋਕਾਂ ਦੀ ਸਿਹਤ ਦੀ ਜਾਮਨੀ ਸਰਕਾਰ ਦੀ ਹੁੰਦੀ ਹੈ। ਲੋਕ ਖੇਡਣ ਲਈ ਤਿਆਰ ਕਰਨੇ ਪੈਂਦੇ ਹਨ। ਖਿਡਾਰੀਆਂ ਨੂੰ ਤਿਆਰ ਕਰਨ ਅਤੇ ਖੇਡਣ ਤੇ ਵੱਡੀਆਂ ਰਕਮਾਂ ਹੁੰਦੀਆਂ ਹਨ। ਇਹ ਕਿਸੇ ਵਿਅਕਤੀ ਵਿਸ਼ੇਸ਼ ਦੇ ਵੱਸ ਨਹੀਂ। ਇਹ ਜ਼ਿੰਮੇਂਵਾਰੀ ਰਾਜ ਪ੍ਰਬੰਧ(ਸਟੇਟ) ਦੀ ਹੁੰਦੀ ਹੈ। ਚੰਗੇ ਰਾਜ ਪ੍ਰਬੰਧ ਲੋਕਾਂ ਦੀ ਸਿਹਤ ਨੂੰ ਧਿਆਨ ਵਿਚ ਰੱਖ ਕੇ, ਖੇਡਾਂ ਨੂੰ ਉੱਚਾ ਚੁੱਕਣਾ, ਆਪਣੇ ਨੀਤੀਗਤ ਫੈਸਲਿਆਂ ਵਿਚ ਸ਼ਾਮਲ ਕਰਦੇ ਹਨ। ਇਹ ਲੋਕ ਹਿਤੈਸ਼ੀ ਰਾਜ ਪ੍ਰਬੰਧ ਲਈ ਜ਼ਰੂਰੀ ਵੀ ਹੁੰਦੇ ਹਨ। ਚੀਨ ਦੀ ਸਰਕਾਰ ਨੇ ਦੁਨੀਆਂ ਨੂੰ ਅਜਿਹਾ ਕਰਕੇ ਦਿਖਾ ਵੀ ਦਿੱਤਾ ਹੈ। ਜਿਹਨਾਂ ਲੋਕਾਂ ਨੂੰ ਕਦੇ ਅਫੀਮਚੀ ਕਿਹਾ ਜਾਂਦਾ ਸੀ, ਉਹਨਾਂ ਨੇ ਉਲੰਪਿਕਸ ਖੇਡਾਂ ਵਿਚ ਸਭ ਤੋ ਵੱਧ ਸੋਨੇ ਦੇ ਤਮਗੇ ਜਿੱਤੇ ਹਨ। ਸਾਡੇ ਪਾਸ ਵੱਡਾ ਏਰੀਆ ਹੈ, ਵੱਡੀ ਆਬਾਦੀ ਵੀ ਹੈ, ਪਰ ਖੇਡਾ ਵਿਚ ਸਾਡੀ ਹਾਲਤ ਬਹੁਤ ਪਤਲੀ ਹੈ। ਸਾਡੀ ਸਰਕਾਰ ਵਿੱਦਿਆ ਅਤੇ ਸਿਹਤ ਸਹੂਲਤਾਂ, ਲੋਕਾਂ ਨੂੰ ਦੇਣ ਤੋਂ ਭੱਜ ਰਹੀ ਹੈ। ਬੱਜਟ ਦਾ ਨਾਂਮਾਤਰ ਹਿੱਸਾ ਖੇਡਾਂ ਲਈ ਰੱਖਿਆ ਜਾਂਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਖਿਡਾਰੀਆ ਨੂੰ ਉਹਨਾਂ ਦੀ ਯੋਗਤਾ ਦੇ ਅਧਾਰ ਤੇ ਕੰਮ ਦੇਵੇ, ਨੌਕਰੀਆਂ ਵਿਚ ਪਹਿਲ ਦੇਵੇ। ਖਿਡਾਰੀ ਦੀ ਹੌਂਸਲਾ ਅਫਜਾਈ ਆਹੁਦ ਵਿਚ ਤਰੱਕੀ ਦੇ ਕੇ ਅਤੇ ਤਨਖਾਹਾਂ ਵਿ ਚੋਖਾ ਵਾਧਾ ਕਰਕੇ ਕੀਤੀ ਜਾਵੇ। ਕਰੋੜਾਂ ਦ ਇਨਾਮ ਦੇ ਕੇ ਖਿਡਾਰੀਆਂ ਨੂੰ ਵਿਗਾੜਨ ਵਾਲੀ ਗੱਲ ਹੈ। ਖਿਡਾਰੀਆਂ ਅਤੇ ਖਿਡਾਰੀਆਂ ਦੇ ਪਰਿਵਾਰਾਂ ਦਾ ਜੀਵਨ ਪੱਧ ਉੱਚਾ ਚੁੱਕਣਾ ਜ਼ਰੂਰੀ ਹੈ। ਖੇਡਾਂ ਸਰਮਾਏਦਾ ਕਲੱਬਾਂ ਦੀ ਚੁੰਗਲ ਵਿਚ ਫਸ ਚੁੱਕੀਆਂ ਹਨ ਕ੍ਰਿਕਟ ਖਿਡਾਰੀਆਂ ਦੀ ਤਾਂ ਨਿਲਾਮੀ ਬੀ ਹ ਚੁੱਕੀ ਹੈ। ਮੁੱਲ ਵੱਧ ਪੈਣ ਕਰਕੇ ਭਾਵੇਂ ਉਹਨ ਤੋਂ ਚਾਅ ਚੁੱਕਿਆ ਨਹੀ ਜਾਂਦਾ, ਪਰ ਯਾਦ ਰੱਖਣ ਯੋਗ ਗੱਲ ਇਹ ਹੈ ਕਿ ਮਨੁੱਖ ਕਦੇ ਵਿਕਦੇ ਨਹੀਂ। ਕਿਸੇ ਸਮੇਂ ਗੁਲਾਮ ਵਿਕਦੇ ਸੀ ਪੂੰਜੀਵਾਦੀ ਪ੍ਰਬੰਧ ਵਿਚ ਔਰਤਾਂ ਤ ਵਿਕਦੀਆਂ ਦੇਖਦੇ ਅਤੇ ਸੁਣਦੇ ਆ ਰਹੇ ਸੀ ਹੁਣ ਖਿਡਾਰੀਆਂ ਦਾ ਵਿਕਣਾ ਬਹੁਤ ਹ ਨਮੋਸ਼ੀ ਅਤੇ ਸ਼ਰਮ ਵਾਲੀ ਗੱਲ ਹੈ।

ਖਿਡਾਰੀ ਤਾਂ ਦੇਸ਼ ਦਾ ਸੱਚਾ ਸਰਮਾਇਅ ਹੁੰਦੇ ਹਨ। ਕੌਮ ਦੇ ਹੀਰੋ ਹੁੰਦੇ ਹਨ। ਨੌਜਵਾਨ ਵਰਗ ਤਾਂ ਇਕ ਤਰ੍ਹਾਂ ਨਾਲ ਪਾਗਲ ਹੋ ਕੇ ਇਹਨਾਂ ਦੇ ਪਿੱਛੇ ਦੌੜਦਾ ਹੈ। ਖਿਡਾਰੀਆਂ ਨੇ ਕੌਮ ਨੂੰ ਚਰਿੱਤਰ ਨਿਰਮਾਣ ਵਿਚ ਸੇਧ ਦੇਣੀ ਹੁੰਦੀ ਹੈ। ਪਰ ਜੇ ਕੌਮ ਦੇ ਹੀਰੋ ਹੀ ਵਿਕਣ ਲੱਗ ਜਾਣ, ਨਸ਼ੇੜੀ ਬਣ ਜਾਣ ਅਤੇ ਲੋਫਰ ਬਣ ਜਾਣ ਤਾਂ ਉਸ ਕੌਮ ਨੂੰ ਗਰਕ ਹੋਣ ਤੋਂ ਕੌਣ ਬਚਾਅ ਸਕਦਾ ਹੈ। ਇਕੱਲੇ ਖਿਡਾਰੀ ਕੀ ਇਹ ਕੁਤਾਹੀ ਸਮੁੱਚੇ ਨੌਜਵਾਨ ਵਰਗ ਨੂੰ ਹੀ ਲੈ ਬੈਠੇਗੀ। ਸਮਾਜ ਅਤੇ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਖੇਡ ਸੱਭਿਆਚਾਰ ਨੂੰ ਬਚਾਉਣ ਲਈ ਜਲਦੀ ਉਪਰਾਲੇ ਕੀਤੇ ਜਾਣ। ਕੰਮ ਪੈਦਾ ਕਰਕੇ ਪਹਿਲ ਦੇ ਆਧਾਰ ਤੇ ਖਿਡਾਰੀਆਂ ਨੂੰ ਰੋਜ਼ਗਾਰ ਦਿੱਤਾ ਜਾਵੇ ਵਿੱਦਿਆ ਅਤੇ ਮੀਡੀਆ ਰਾਹੀ ਖਿਡੀਰੀਅ ਨੂੰ ਸੁਨੇਹਾ ਦਿੱਤਾ ਜਾਵੇ ਕਿ ਪੈਸੇ ਦੇ ਪੁੱਤ ਬਣਕੇ ਇੱਕਾ ਦੁੱਕਾ ਮੱਲਾਂ ਤਾਂ ਮਾਰੀਆਂ ਜ ਸਕਦੀਆਂ ਹਨ ਪਰ ਸੰਸਾਰ ਦੇ ਖੇਡ ਪਿੜ ਵਿਚ ਸ਼ਾਨਾਮੱਤੀ ਹਾਜ਼ਰੀ ਅਤੇ ਖੇਡ ਸੱਭਿਆਚਾਰ ਵਿਚ ਯੋਗਦਾਨ ਪਾਉਣ ਲਈ ਉਕਤ ਸੋਚ ਬਦਲਣੀ ਜ਼ਰੂਰੀ ਹੈ।

## ਅੱਜ ਵੀ ਉਹ ਸਾਡੇ ਲਈ ਸਭ ਤੋਂ ਖਾਸ

ਉਠ ਉਏ ਦਿਲਾ ਮੇਰਿਆ, ਕਿਉਂ ਹੋ ਚੱਲਿਆ ਨਿਰਾਸ਼
ਸਰਨਾ ਨਹੀਂ ਇਸ ਜੱਗ ਅੰਦਰ, ਇੰਝ ਬਣ ਕੇ ਲਾਸ਼
ਛੱਡ ਗਏ ਸਾਨੂੰ ਅੱਧ ਵਿਚਕਾਰੇ, ਜਿੰਨਾਂ 'ਤੇ ਕੀਤਾ ਰੱਬ ਜਿਨ੍ਹਾਂ ਵਿਸ਼ਵਾਸ
ਸਰ ਜਾਣਾ ਉਨ੍ਹਾਂ ਦਾ ਸਾਡੇ ਬਿਨਾਂ, ਕਿਉਂ ਕਰਦਾ ਹੈ ਆਪਣੇ ਜੀਵਨ ਨੂੰ ਨਾਸ਼
ਜਿਨ੍ਹਾਂ ਅਸੀਂ ਉਸਨੂੰ ਚਾਹਿਆ, ਉਹ ਵੀ ਚਾਹੁੰਦੇ ਸਾਨੂੰ ਉਨ੍ਹਾਂ ਹੀ ਕਾਸ਼ !
ਸੁਣਿਆ ਸੀ ਦੁਨੀਆ ਵਾਲਿਆਂ ਤੋਂ, ਧੋਖਾ ਉਹੀ ਦਿੰਦੇ ਜਿਨ੍ਹਾਂ ਤੋਂ ਹੁੰਦੀ ਸਾਨੂੰ ਆਸ
ਕਿਰਨ ਦੀ ਤਕਦੀਰ ਸੀ ਇਹ ਹੋਣਾ ਸੀ, ਪਰ ਅੱਜ ਵੀ ਉਹ ਸਾਡੇ ਲਈ ਸਭ ਤੋਂ ਖਾਸ

ਕਿਸੇ ਦਾ ਦਿਲ ਨਾ ਦੁਖਾਉ, ਕਿਉਂਕਿ ਕਿਤੇ ਉਸ ਦੇ ਹੰਝੂ ਤੁਹਾਡੇ ਲਈ ਬਦ ਦੁਆ ਨਾ ਬਣ ਜਾਣ।




## ਇਹ ਵੀ ਜਾਣੋ

1. ਚੂਹੇ ਅਤੇ ਹਾਥੀ ਵਿਚ ਸਾਂਝਾ ਲੱਛਣ ਕੀ ਹੈ?
2. ਭਾਰਤ ਵਿਚ ਕਿਸ ਰਾਜ ਦੀ ਵਸੋਂ ਘਣਤਾ ਸਭ ਤੋਂ ਵੱਧ ਹੈ?
3. ਕਾਗਜ਼ ਬਣਾਉਣ ਲਈ ਕਿਹੜਾ ਘਾਹ ਵਰਤਿਆ ਜਾਂਦਾ ਹੈ?
4. ਉਹ ਕਿਹੜਾ ਜਾਨਵਰ ਹੈ, ਜਿਹੜਾ ਪਾਣੀ ਤੇ ਥਲ ਦੋਵਾਂ ਵਿਚ ਰਹਿ ਸਕਦਾ ਹੈ?
5. ਦੁਨੀਆਂ ਵਿਚ ਸਭ ਤੋਂ ਵੱਡੇ ਜਾਨਵਰ ਦਾ ਨਾਂਅ ਦੱਸੋ?
6. ਰਾਸ਼ਟਰਪਤੀ ਦੀ ਚੋਣ ਲੜਨ ਲਈ ਕਿੰਨੀ ਉਮਰ ਚਾਹੀਦੀ ਹੈ?
7. ਯੋਜਨਾ ਆਯੋਗ ਦਾ ਪ੍ਰਧਾਨ ਕੌਣ ਹੁੰਦਾ ਹੈ?
8. ਨੈਪੋਲੀਅਨ ਕਿੱਥੋਂ ਦਾ ਸ਼ਾਸ਼ਕ ਸੀ?
9. ਸੱਪ ਦੀ ਜ਼ਹਿਰ ਦੀ ਵਰਤੋਂ ਕਿਨ੍ਹਾਂ ਵਿਚ ਕੀਤੀ ਜਾਂਦੀ ਹੈ?
10. ਧੁੱਪ ਤੋਂ ਸਾਨੂੰ ਕਿਹੜਾ ਵਿਟਾਮਿਨ ਮਿਲਦਾ ਹੈ?

**ਉਤਰ - 1. ਦੋਵੇਂ ਸਜੀਵ ਹਨ, 2. ਕੇਰਲਾ, 3. ਸਵਾਹੀ ਘਾਹ, 4. ਡੱਡੂ, 5. ਨੀਲੀ ਵੇਲ੍ਹ, 6. 35 ਸਾਲ, 7. ਪ੍ਰਧਾਨ ਮੰਤਰੀ, 8. ਫਰਾਂਸ ਦਾ, 9. ਦਵਾਈਆਂ ਵਿਚ, 10. ਵਿਟਾਮਿਨ 'ਡੀ'**

## ਜਾਨਵਰਾਂ ਸੰਬੰਧੀ ਅਨੋਖੀ ਜਾਣਕਾਰੀ

- ਹਾਈਡਰਾ ਅਲੂਣੇ ਪਾਣੀ ਵਿਚ ਰਹਿਣ ਵਾਲਾ ਐਸਾ ਜੀਵ ਹੈ ਜਿਸ ਦਾ ਕੋਈ ਮਲ-ਦੁਆਰ ਨਹੀਂ ਹੁੰਦਾ। ਇਹ ਅਣਪਚਿਆ ਭੋਜਨ ਅਤੇ ਮਲ-ਪਦਾਰਥ ਮੂੰਹ ਰਸਤੇ ਬਾਹਰ ਕੱਢਦਾ ਹੈ।
- ਫਾਈਸੇਲੀਆ ਇਕ ਐਸਾ ਸਮੁੰਦਰੀ ਜੀਵ ਹੈ, ਜਿਸ ਦਾ ਸਰੀਰ ਪਾਰਦਰਸ਼ਕ ਹੁੰਦਾ ਹੈ।
- ਤੰਦੂਆ ਐਸਾ ਜੀਵ ਹੈ ਕਿ ਜਦੋਂ ਕੋਈ ਜਾਨਵਰ ਇਸ 'ਤੇ ਹਮਲਾ ਕਰਦਾ ਹੈ ਤਾਂ ਇਹ ਆਪਣੇ ਅੰਦਰੋਂ ਸਿਆਹੀ ਵਰਗਾ ਤਰਲ ਪਦਾਰਥ ਕੱਢ ਕੇ ਹਮਲਾਵਰ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ।
- ਮੈਕਸੀਕੋ ਅਤੇ ਅਮਰੀਕਾ ਦੇ ਪੱਛਮ-ਪੂਰਬੀ ਭਾਗ ਵਿਚ ਸਿੰਗੀ ਕਿਰਲੀ (ਕਿਰਲੀ ਜਾਤੀ) ਨਾਂਅ ਦਾ ਐਸਾ ਜੀਵ ਹੈ ਜੋ ਆਪਣੇ 'ਤੇ ਹਮਲਾ ਹੋਣ ਦੀ ਸੂਰਤ ਵਿਚ ਆਪਣੀਆਂ ਅੱਖਾਂ ਵਿਚੋਂ ਲਹੂ ਦੀਆਂ ਤੇਜ਼ ਧਾਰਾਂ ਦੁਸ਼ਮਣ 'ਤੇ ਸੁੱਟਦਾ ਹੈ।
- ਗਿਲਾਮੌਸਟਰ ਅਮਰੀਕਾ ਵਿਚ ਪਾਇਆ ਜਾਣ ਵਾਲਾ ਕਿਰਲੀ ਜਾਤੀ ਦਾ ਐਸਾ ਜੀਵ ਹੈ ਜਿਸ ਦੇ ਕੱਟਣ ਨਾਲ ਮਨੁੱਖ ਦੀ ਮੌਤ ਹੋ ਸਕਦੀ ਹੈ।
- ਬ੍ਰਾਜ਼ੀਲ ਦੇ ਜੰਗਲਾਂ ਵਿਚ ਸਲਾਥ ਨਾਂਅ ਦਾ ਐਸਾ ਜੀਵ ਪਾਇਆ ਜਾਂਦਾ ਹੈ ਜੋ ਆਮ ਤੌਰ 'ਤੇ ਰੁੱਖਾਂ ਨਾਲ ਪੁੱਠਾ ਲਟਕਿਆ ਰਹਿੰਦਾ ਹੈ। ਇਸ ਦੀ ਪਕੜ ਐਨੀ ਮਜ਼ਬੂਤ ਹੈ ਕਿ ਗੋਲੀ ਲੱਗਣ 'ਤੇ ਵੀ ਗਲ-ਸੜ ਕੇ ਹੀ ਹੇਠਾਂ ਡਿੱਗਦਾ ਹੈ।
- ਉਤਰੀ ਅਮਰੀਕਾ, ਰੂਸ, ਕੈਨੇਡਾ ਵਿਚ ਮੋਟੇ ਚੂਹੇ ਦੀ ਨੁਹਾਰ ਵਰਗਾ 'ਬੀਵਰ' ਐਸਾ ਜੀਵ ਪਾਇਆ ਜਾਂਦਾ ਹੈ ਜੋ ਦਰਿਆ ਵਿਚ ਸਮੂਹ ਨਾਲ ਮਿਲ ਕੇ ਲੱਕੜੀ ਦੇ ਟੁਕੜਿਆਂ ਨਾਲ 12 ਫੁੱਟ ਤੱਕ ਉਚੀ ਬਣਾਉਟੀ ਝੀਲ ਦਾ ਨਿਰਮਾਣ ਕਰ ਸਕਦਾ ਹੈ।

## ਮਾਡਲ ਸਕੂਲਾਂ ਦਾ ਮਸਲਾ




ਅੱਜਕਲ੍ਹ ਹਰ ਸ਼ਹਿਰ ਵਿਚ ਮਾਡਲ ਸਕੂਲ ਖੁੰਬਾਂ ਵਾਂਗ ਖੁੱਲ੍ਹ ਰਹੇ ਹਨ। ਇਨ੍ਹਾਂ ਦਾ ਉਦੇਸ਼ ਬੱਚਿਆਂ ਨੂੰ ਸੋਹਣੀਆਂ ਵਰਦੀਆਂ ਵਿਚ ਸਜੇ ਧਜੇ ਟਾਈਆਂ ਬੈਲਟਾਂ ਨਾਲ ਲੈਸ ਸਕੂਲ ਦੀਆਂ ਬੱਸਾਂ ਵਿਚ ਆਉਂਦੇ ਵੇਖਣਾ ਹੈ। ਇਨ੍ਹਾਂ ਦਾ ਮਾਧਿਅਮ ਅੰਗਰੇਜ਼ੀ ਵਿਚ ਹੁੰਦਾ ਹੈ। ਅਸੀਂ ਰੀਸੋ ਰੀਸ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿਚ ਭੇਜਦੇ ਹਾਂ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਸਾਡਾ ਬੱਚਾ ਵੀ ਤੋਤੇ ਵਾਂਗ ਸਿਰਫ਼ ਅੰਗਰੇਜ਼ੀ ਹੀ ਬੋਲੇ। ਜਦੋਂ ਨਤੀਜਾ ਨਿਕਲਦਾ ਹੈ ਤਾਂ ਸਾਡਾ ਬੱਚਾ ਬੁਰੀ ਤਰ੍ਹਾਂ ਫੇਲ ਹੁੰਦਾ ਹੈ ਕਿਉਂਕਿ ਉਹ ਮਾਤ ਭਾਸ਼ਾ ਤੋਂ ਹਟਕੇ ਵਿਦੇਸ਼ੀ ਭਾਸ਼ਾ ਚੰਗੀ ਤਰ੍ਹਾਂ ਸਿੱਖ ਨਹੀਂ ਸਕਦਾ। ਇਨ੍ਹਾਂ ਸਕੂਲਾਂ ਵਿਚ ਦਾਖਲਾ ਬਹੁਤ ਹੀ ਮੁਸ਼ਕਿਲ ਨਾਲ ਮਿਲਦਾ ਹੈ। ਭਾਰੀਆਂ ਰਕਮਾਂ ਜਿਸਨੂੰ ਡੋਨੇਸ਼ਨ ਕਿਹਾ ਜਾਂਦਾ ਹੈ ਅਤੇ ਵੱਡੀਆਂ ਸਿਫਾਰਸ਼ਾਂ ਦੀ ਲੋੜ ਪੈਂਦੀ ਹੈ। ਇਥੇ ਹੀ ਬੱਸ ਨਹੀਂ ਫਿਰ ਫੀਸਾਂ ਵੀ ਜ਼ਿਆਦਾ ਹਨ ਜੋ ਕਿ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਫਿਰ ਕਿਤਾਬਾਂ ਕਾਪੀਆਂ ਦੇ ਸੈਟ ਵੀ ਤੁਹਾਨੂੰ ਸਕੂਲੋਂ ਹੀ ਮਿਲਣਗੇ, ਟਾਈਆਂ ਬੈਲਟਾਂ ਅਤੇ ਸਕੂਲ ਦੀ ਡਰੈਸ ਵੀ ਵਿਸ਼ੇਸ਼ ਦੁਕਾਨ ਤੋਂ ਹੀ ਮਿਲੇਗੀ। ਬੱਚੇ ਨੂੰ ਲਿਜਾਣ ਵਾਸਤੇ ਬੱਸ ਦੀ ਫੀਸ ਵੱਖਰੀ ਦੇਣੀ ਪਵੇਗੀ।

ਦਾਖਲੇ ਦੇ ਝੰਜਟ ਤੋਂ ਬਾਅਦ ਬੱਚੇ ਦੀ ਪੜ੍ਹਾਈ ਦੀ ਗੱਲ ਕਰਦੇ ਹਾਂ। ਮਾਧਿਅਮ ਅੰਗਰੇਜ਼ੀ ਹੋਣ ਸਦਕਾ ਬੱਚੇ ਦੇ ਮਨ ਤੇ ਹਮੇਸ਼ਾ ਹੀ ਪੜ੍ਹਾਈ ਦਾ ਬੋਝ ਬਣਿਆ ਰਹਿੰਦਾ ਹੈ ਕਿਉਂਕਿ ਉਹ ਬਾਹਰਲੀ ਭਾਸ਼ਾ ਘੱਟ ਸਮੇਂ ਵਿਚ ਨਹੀਂ ਸਿੱਖ ਸਕਦਾ। ਨਤੀਜਾ ਕੀ ਹੁੰਦਾ ਹੈ ਕਿ ਬੱਚੇ ਨੂੰ ਚਾਲੂ ਕਰਨ ਲਈ ਸਾਨੂੰ ਆਪ ਮਿਹਨਤ ਕਰਵਾਉਣੀ ਪਵੇਗੀ ਜਾਂ ਫਿਰ ਟਿਊਸ਼ਨ ਦਾ ਸਹਾਰਾ ਲੈਣਾ ਪਵੇਗਾ।

ਜਿਥੋਂ ਤੱਕ ਆਪ ਮਿਹਨਤ ਦਾ ਵਿਚਾਰ ਹੈ ਉਹ ਅਸੀਂ ਕਰਵਾ ਨਹੀਂ ਸਕਦੇ ਕਿਉਂਕਿ ਅਸੀਂ ਆਪਣੇ ਬਿਜਨੈਸ ਵਿਚ ਏਨਾ ਰੁੱਝ ਚੁੱਕੇ ਹਾਂ ਕਿ ਸਾਨੂੰ ਰਤਾ ਵੀ ਵਿਹਲ ਨਹੀਂ ਹੈ ਕਿ ਅਸੀਂ ਬੱਚੇ ਦੀ ਪੜ੍ਹਾਈ ਵੱਲ ਧਿਆਨ ਦੇਈਏ, ਕਿਉਂਕਿ ਅਸੀਂ ਦਿਨ-ਰਾਤ ਆਪਣੇ ਕੰਮ ਅਤੇ ਲਾਭ ਵਿਚ ਭੱਜੇ ਫਿਰਦੇ ਹਾਂ। ਸਾਡੇ ਕੋਲ ਕਿੱਥੇ ਸਮਾਂ ਹੈ ਕਿ ਅਸੀਂ ਬੱਚੇ ਨੂੰ ਕੋਲ ਬਿਠਾ ਕੇ ਕੁੱਝ ਪੁੱਛ ਦੱਸ ਸਕੀਏ। ਘਰ ਦੀਆਂ ਔਰਤਾਂ ਨੂੰ ਕਿੱਟੀ ਪਾਰਟੀਆਂ ਤੋਂ ਵਿਹਲ ਨਹੀਂ ਮਿਲਦੀ, ਉਹ ਵੀ ਚਾਹੁੰਦੀਆਂ ਹਨ ਕਿ ਬੱਚਾ ਸਾਰਾ ਦਿਨ ਹੀ ਘਰੋਂ ਬਾਹਰ ਰਹੇ ਅਤੇ ਉਹ ਕਿੱਟੀ ਪਾਰਟੀਆਂ ਵਿਚ ਰੁੱਝੀਆਂ ਹੀ ਰਹਿਣ, ਬੱਚੇ ਦਾ ਕੀ ਹੈ, ਆਪੇ ਤੁਰਦਾ ਫਿਰਦਾ ਦੋ ਲਫ਼ਜ਼ ਸਿੱਖ ਜਾਵੇਗਾ।

ਬੱਚੇ ਨੂੰ ਸਕੂਲ ਵਿਚ ਹੀ ਟਿਊਸ਼ਨ ਗਰੁੱਪ ਵਿਚ ਰੱਖ ਲਿਆ ਜਾਂਦਾ ਹੈ, ਇਸਦੀ ਫੀਸ ਵੱਖਰੀ ਹੁੰਦੀ ਹੈ। ਬੱਚਾ ਬੜੀ ਹੀ ਸ਼ਾਨ ਨਾਲ ਬੱਸ ਵਿਚ ਸਵਾਰ ਹੋ ਕੇ ਸਕੂਲ ਜਾਂਦਾ ਹੈ। ਅਸੀਂ ਬੜੀ ਹੀ ਸ਼ਾਨ ਨਾਲ ਕਹਿੰਦੇ ਹਾਂ ਕਿ ਬੱਚਾ ਫਲਾਣੇ ਸਕੂਲ ਵਿਚ ਪੜ੍ਹਦਾ ਹੈ। ਜਦੋਂ ਨਤੀਜਾ ਆਉਂਦਾ ਹੈ ਤਾਂ ਬੱਚਾ ਕੁੱਝ ਵੀ ਨਹੀਂ ਸਿੱਖਿਆ ਹੁੰਦਾ, ਫਿਰ ਉਸ ਨੂੰ ਪੰਜਾਬੀ ਸਕੂਲ ਵਿਚ ਲਗਾਇਆ ਜਾਂਦਾ ਹੈ ਕਿਉਂਕਿ ਉਹ ਪੰਜਾਬੀ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਨਹੀਂ ਸਕਦਾ, ਉਹ ਪੜ੍ਹਾਈ ਵਿਚ ਪਛੜ ਜਾਂਦਾ ਹੈ। ਉਸਨੂੰ ਇਕ ਜਾਂ ਦੋ ਜਮਾਤਾਂ ਪਿਛਾਂਹ ਮੁੜਣਾ ਪੈਂਦਾ ਹੈ ਕਿਉਂਕਿ ਨਾ ਉਹ ਅੰਗਰੇਜ਼ੀ ਸਿੱਖਿਆ ਹੁੰਦਾ ਹੈ ਅਤੇ ਨਾ ਹੀ ਪੰਜਾਬੀ, ਉਹ ਪੜ੍ਹਾਈ ਨੂੰ ਨਾ ਸਮਝ ਆਉਣ ਵਾਲੀ ਸ਼ੈਅ ਸਮਝਦਾ ਹੈ ਅਤੇ ਅਕਸਰ ਸਕੂਲੋਂ ਗੈਰ ਹਾਜ਼ਰ ਪਾਇਆ ਜਾਂਦਾ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਕੁ ਸਕੂਲਾਂ ਨੂੰ ਗਰਾਂਟ ਦੇ ਕੇ ਮਨਜ਼ੂਰਸ਼ੁਦਾ ਕਰਾਰ ਦੇਵੇ, ਗਲੀਆਂ ਵਿਚ ਖੁੱਲੀਆਂ ਵਿੱਦਿਆ ਦੀਆਂ ਇਹ ਦੁਕਾਨਾਂ ਬੰਦ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਨਾ ਕੀਤਾ ਜਾਵੇ। ਮਾਪਿਆਂ ਦੀ ਆਰਥਿਕ ਲੁੱਟ ਖਸੁੱਟ ਨਾ ਹੋ ਸਕੇ। ਪੰਜਾਬੀ ਪੜ੍ਹਕੇ ਬੱਚਾ ਆਪਣੀ ਮਾਤ ਭਾਸ਼ਾ ਤੋਂ ਛੇਤੀ ਹੀ ਜਾਣੂ ਹੋ ਜਾਂਦਾ ਹੈ ਫਿਰ ਅਸੀਂ ਅੰਗਰੇਜ਼ੀ ਸਕੂਲਾਂ ਦਾ ਸਹਾਰਾ ਕਿਉਂ ਲਈਏ? ਆਸ ਕਰਦੇ ਹਾਂ ਕਿ ਸਰਕਾਰ ਇਸ ਸਮੱਸਿਆ ਨੂੰ ਸੰਜੀਦਗੀ ਨਾਲ ਵਿਚਾਰ ਕਰਕੇ ਕੋਈ ਠੋਸ ਹੱਲ ਲੱਭੇਗੀ ਤਾਂਕਿ ਬੱਚਿਆਂ ਦਾ ਭਵਿੱਖ ਉੱਜਲ ਬਣ ਸਕੇ।

ਰਜਿੰਦਰ ਵਰਮਾ



# ਇੱਕ ਵਾਰ ਸਾਡਾ ਫੁੱਲ ਪੈਕੇਜ ਲਵੋ ਅਤੇ ਤਿੰਨ ਸਾਲ ਲਈ ਸਾਡੀਆਂ ਸੇਵਾਵਾ ਪ੍ਰਾਪਤ ਕਰੋ !

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ

## ਮਾਸਿਕ ਮੈਗਜੀਨ * ਰੋਜਾਨਾ ਆਨਲਾਈਨ ਅਖਬਾਰ * ਵੈੱਬ ਟੀ.ਵੀ.

* ਅਣ ਲਿਮਟਿਡ ਖਬਰਾਂ ਅਤੇ ਕਵਰੇਜ।

* ਮਾਸਿਕ ਮੈਗਜੀਨ 'ਮਹਿਕ ਵਤਨ ਦੀ ਲਾਈਵ' (ਪ੍ਰਿੰਟ ਐਡੀਸ਼ਨ) ਦੇ ਹਰ ਅੰਕ ਵਿੱਚ ਰੰਗਦਾਰ ਇਸ਼ਤਿਹਾਰ।

* ਰੋਜਾਨਾ ਆਨਲਾਈਨ ਅਖਬਾਰ 'ਮਹਿਕ ਵਤਨ ਦੀ ਲਾਈਵ' ਵਿੱਚ ਹਰ ਰੋਜ ਪੂਰੇ ਸਫੇ ਦਾ ਰੰਗਦਾਰ ਇਸ਼ਤਿਹਾਰ।

* ਹਰ ਖਾਸ ਪ੍ਰੋਗਰਾਮ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਤੇ ਟੈਲੀਕਾਸਟ।

* 'ਮਹਿਕ ਵਤਨ ਦੀ ਲਾਈਵ' ਸੋਸਲ ਮੀਡੀਆਂ ਸੈੱਲ ਵੱਲੋਂ ਹਰ ਦਿਨ-ਤਿਉਹਾਰ ਅਤੇ ਖਾਸ ਦਿਨ੍ਹਾਂ ਦੀਆਂ ਵਧਾਈਆਂ ਅਤੇ ਸੰਦੇਸ਼ ਦੀਆਂ ਪੋਸਟਾ ਤੁਹਾਡੇ ਨਾਮ ਤੇ ਅਸੀਂ ਸ਼ੋਸਲ ਮੀਡੀਆਂ ਤੇ ਅਪਲੋਡ ਕਰਾਗੇ।

* ਸਲਾਨਾ ਜੰਤਰੀ, ਸਲਾਨਾ ਡਾਇਰੀ, ਸਲਾਨਾ ਕੈਲੰਡਰ ਅਤੇ ਮਹਿਕ ਵਤਨ ਦੀ ਪ੍ਰਡਕਸ਼ਨ ਦੇ ਨਾਟਕਾਂ ਦੀ ਸਪੋਂਸਰ।

## ਉਪਰੋਕਤ ਸਾਰੀਆਂ ਸੇਵਾਵਾਂ 'ਮਹਿਕ ਵਤਨ ਦੀ ਫੁੱਲ ਪੈਕੇਜ' ਦੇ ਨਾਲ !

ਫੁੱਲ ਪੈਕੇਜ ਲੈਣ ਅਤੇ ਹੋਰ ਜਾਣਕਾਰੀ ਲਈ ਮੇਰੇ ਨਾਲ ਸੰਪਰਕ ਕਰ ਸਕਦੇ ਹੋ।

**ਮੁੱਖ ਸੰਪਾਦਕ/ ਡਾਇਰੈਕਟਰ: ਭਵਨਦੀਪ ਸਿੰਘ ਪੁਰਬਾ**

**www.mehakwatandilive.com**

**Help Line: 9988-92-9988**

'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਸਮੂੰਹ ਪਾਠਕਾਂ ਨੂੰ

# ਦੀਵਾਲੀ

## ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ !

# happy diwali

With best compliments from:



Bhawandeep Singh Purba
Chief Editior



Bhagwanti Purba
Vice-Chief Editior

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ

ਮਾਸਿਕ ਪੰਜਾਬੀ ਮੈਗਜ਼ੀਨ - ਰੋਜ਼ਾਨਾ ਆਨਲਾਈਨ ਅਖਬਾਰ - ਵੈਬ ਟੀ.ਵੀ. ਚੈਨਲ

Help Line: 9988-92-9988 * www.mehakwatandilive.com

ਪ੍ਰਬੰਧਕੀ ਬੋਰਡ / Management 'Mehak Watan Di Live' Beauro



ਸੁਖਜੀਤ ਸਿੰਘ ਵਾਲੀਆ
ਇੰਚਾਰਜ ਪ੍ਰੈਂਟਿੰਗ ਵਿਭਾਗ



ਮਨਿੰਦਰ ਮੋਗਾ
ਇੰਚਾਰਜ ਵੈੱਬ ਟੀ.ਵੀ.



ਸਿਮਰਨਜੀਤ ਸਿੰਘ
ਇੰਚਾ. ਆਨਲਾਈਨ ਅਖਬਾਰ



ਇਕਬਾਲ ਸਿੰਘ ਖੋਸਾ
ਸਹਿ ਸੰਪਾਦਕ (ਜਰਨਲ)



ਹਰਜੀਤ ਕੌਰ ਗਿੱਲ
ਸਾਹਿਤਕ ਸੰਪਾਦਕ



ਬਾਬਾ ਜਸਵੀਰ ਸਿੰਘ ਲੋਹਾਰਾ
ਮੁੱਖ ਸਲਾਹਕਾਰ



ਗੁਰਮੇਲ ਸਿੰਘ ਬੌਡੇ
ਸਾਹਿਤਕ ਸਲਾਹਕਾਰ



ਕੁਲਵਿੰਦਰ ਤਾਰੇਵਾਲਾ
ਸਿਆਸੀ ਸਲਾਹਕਾਰ



ਗੁਰਸੇਵਕ ਸਿੰਘ ਪੁਰਬਾ
ਮੁੱਖ ਪ੍ਰਤੀਨਿਧ ਵੈਨਕੂਵਰ (ਕੈਨੇਡਾ)

(ਸਫਾ ਨੰਬਰ 03 ਦੀ ਬਾਕੀ...)

-ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)

**ਦੀਵਾਲੀ ਦੇ ਤੋਹਫੇ:** ਤੋਹਫ਼ੇ ਹਾਸਲ ਕਰਕੇ ਤਾਂ ਖੁਸ਼ੀ ਮਹਿਸੂਸ ਹੁੰਦੀ ਹੀ ਹੈ ਤੋਹਫੇ ਦੇਣ ਵਿੱਚ ਵੀ ਵੱਖਰਾ ਹੀ ਅਨੰਦ ਤੇ ਖੁਸ਼ੀ ਮਿਲਦੀ ਹੈ। ਇਹ ਖੁਸ਼ੀ ਉਸ ਸਮੇਂ ਹੋਰ ਵੀ ਦੁੱਗਣੀ ਹੋ ਜਾਂਦੀ ਹੈ ਜਦੋਂ ਕੋਈ ਸਾਡਾ ਆਪਣਾ ਸਾਡੇ ਲਈ ਤੋਹਫ਼ਾ ਲੈ ਕੇ ਆਉਂਦਾ ਹੈ। ਵੈਸੇ ਤਾਂ ਹਰ ਕੋਈ ਇਹੀ ਕੋਸ਼ਿਸ਼ ਕਰਦਾ ਹੈ ਕਿ ਆਪਣਿਆਂ ਨੂੰ ਕੀਮਤੀ ਤੋਹਫ਼ੇ ਦਿੱਤੇ ਜਾਣ। ਇਹ ਜ਼ਰੂਰੀ ਨਹੀਂ ਕਿ ਤੋਹਫ਼ੇ ਦੀ ਕੀਮਤ ਪੈਸੇ ਵਿੱਚ ਜ਼ਿਆਦਾ ਹੋਵੇ। ਕੀਮਤ ਤਾਂ ਭਾਵਨਾਵਾਂ ਦੀ ਚਾਹੀਦੀ ਹੈ, ਕਦਰ ਦੀ ਚਾਹੀਦੀ ਹੈ, ਪਿਆਰ ਦੀ ਚਾਹੀਦੀ ਹੈ। ਸਾਡੇ ਸਮਾਜ ਵਿਚ ਬਹੁੱਤ ਲੋਕ ਅਜਿਹੇ ਹਨ ਜਿਹੜੇ ਤੋਹਫ਼ੇ ਨੂੰ ਇੱਕ ਆੜ ਸਮਝਦੇ ਹਨ। ਜੇਕਰ ਪਿਆਰ ਦੇ ਤੋਹਫ਼ੇ ਨੂੰ ਆੜ ਸਮਝਿਆ ਜਾਵੇ ਅਤੇ ਤੋਹਫ਼ੇ ਦਿੰਦੇ ਸਮੇਂ ਜਾਂ ਲੈਣ ਸਮੇਂ ਹੋਠਾਂ ਤੇ ਪਿਆਰ ਭਰੀ ਮੁਸਕਾਨ ਨਾ ਹੋਵੇ ਤਾਂ ਤੋਹਫ਼ਾ ਅਰਥਹੀਣ ਹੋ ਜਾਂਦਾ ਹੈ। ਜਦੋਂ ਵੀ ਕੋਈ ਸਾਨੂੰ ਤੋਹਫ਼ਾ ਦਿੰਦਾ ਹੈ ਤਾਂ ਉਸ ਤੋਹਫ਼ੇ ਦੀ ਕੀਮਤ ਪੈਸੇ ਵਿਚ ਦੇਖਣ ਦੀ ਬਜਾਏ ਉਸ ਦੀ ਕੀਮਤ ਭਾਵਨਾ ਤੇ ਪਿਆਰ ਵਿਚ ਦੇਖੀ ਜਾਵੇ ਤਾਂ ਉਹ ਜ਼ਿਆਦਾ ਖੁਸ਼ੀ ਤੇ ਸਕੂਨ ਪ੍ਰਦਾਨ ਕਰੇਗਾ। ਜੇਕਰ ਪੈਸੇ ਵਿੱਚ ਕੀਮਤੀ ਤੋਹਫ਼ੇ ਜ਼ਿਆਦਾ ਖੁਸ਼ੀ ਦਿੰਦੇ ਤਾਂ ਤੋਹਫ਼ਿਆਂ ਦਾ ਅਦਾਨ-ਪ੍ਰਦਾਨ ਸਿਰਫ਼ ਅਮੀਰ ਲੋਕਾਂ ਤੱਕ ਹੀ ਸੀਮਤ ਰਹਿ ਜਾਣਾ ਸੀ। ਵੈਸੇ ਤਾਂ ਪਿਆਰ ਨਾਲ ਦਿੱਤਾ ਹਰ ਤੋਹਫ਼ਾ ਕਦਰਦਾਨ ਦਿਲ ਨਾਲ ਲਾ ਕੇ ਰੱਖਦਾ ਹੈ ਪਰ ਫੇਰ ਸਾਨੂੰ ਤੋਹਫ਼ਾ ਖਰੀਦਣ ਸਮੇਂ ਇਹ ਦੇਖਣਾ ਚਾਹੀਦਾ ਹੈ ਕਿ ਅਸੀਂ ਤੋਹਫ਼ਾ ਜਿਸ ਨੂੰ ਦੇ ਰਹੇ ਹਾਂ ਇਹ ਤੋਹਫ਼ਾ ਉਸ ਵਾਸਤੇ ਕਿੰਨੀ ਕੁ ਅਹਿਮੀਅਤ ਰੱਖਦਾ ਹੈ। ਅਜਿਹਾ ਤੋਹਫ਼ਾ ਹੀ ਖਰੀਦੋ ਜਿਸ ਨੂੰ ਪਾ ਕੇ ਤੁਹਾਡਾ ਸਬੰਧੀ ਲੰਮੇ ਸਮੇਂ ਤੱਕ ਤੁਹਾਨੂੰ ਯਾਦ ਰੱਖੇ। ਜ਼ਿਆਦਾਤਰ ਦੀਵਾਲੀ ਦੇ ਮੌਕੇ ਤੇ ਪਟਾਕੇ ਤੋਹਫ਼ੇ ਦੇ ਤੌਰ 'ਤੇ ਦਿੱਤੇ ਜਾਂਦੇ ਹਨ। ਬੱਚਿਆਂ ਨੂੰ ਤੋਹਫਾ ਦੇਣ ਲਈ ਇਹ ਵਧੀਆ ਆਈਟਮ ਹੈ। ਬੱਚਿਆਂ ਨੂੰ ਤਾਂ ਨਿੱਤ ਨਵੀਂ ਚੀਜ ਚਾਹੀਦੀ ਹੁੰਦੀ ਹੈ, ਉਹ ਛੋਟੀ ਹੈ-ਵੱਡੀ ਹੈ, ਮਹਿੰਗੀ ਹੈ-ਸਸਤੀ ਹੈ! ਇਸ ਨਾਲ ਬੱਚਿਆਂ ਨੂੰ ਮਤਲਬ ਨਹੀਂ ਹੁੰਦਾਂ। ਪਰ ਵੱਡਿਆ ਨੂੰ ਤੋਹਫਾ ਦੇਣ ਲਈ ਪਟਾਕਿਆਂ ਦੀ ਬਜਾਏ ਅਜਿਹਾ ਤੋਹਫ਼ਾ ਦਿਓ ਜੋ ਲੰਮੇਂ ਸਮੇਂ ਤੱਕ ਉਨ੍ਹਾਂ ਨੂੰ ਤੁਹਾਡੀ ਯਾਦ ਦਵਾਉਣ। ਪਟਾਕੇ ਜਿੰਨਾ ਚਿਰ ਚਲਾਏ ਜਾਂਦੇ ਹਨ, ਓਨਾ ਚਿਰ ਤਾਂ ਖੁਸ਼ੀ ਮਹਿਸੂਸ ਹੁੰਦੀ ਹੈ ਪਰ 'ਰਾਤ ਗਈ ਬਾਤ ਗਈ' ਅਗਲੀ ਸਵੇਰ ਨੂੰ ਤੁਹਾਡੇ ਤੋਹਫ਼ੇ ਸੁਆਹ ਬਣੇ ਹੋਏ ਇਕੱਠੇ ਕਰਕੇ ਕੂੜੇ ਵਿੱਚ ਸੁੱਟ ਦਿੱਤੇ ਜਾਂਦੇ ਹਨ। ਅੱਜ ਕੱਲ੍ਹ ਮਹਿੰਗਾਈ ਦਾ ਜ਼ਮਾਨਾ ਹੈ ਇਸ ਲਈ ਆਪਣੇ ਬੱਜਟ ਨੂੰ ਦੇਖਦੇ ਹੋਏ ਹੀ ਖਰਚਾ ਕਰਨਾ ਚਾਹੀਦਾ ਹੈ। ਤੁਹਾਡਾ ਪਿਆਰ ਨਾਲ ਦਿੱਤਾ ਹੋਇਆ ਕਾਗਜ਼ ਦਾ ਇੱਕ ਟੁਕੜਾ ਵੀ ਤੁਹਾਡੇ ਆਪਣਿਆਂ ਨੂੰ ਅਜਿਹੀ ਖੁਸ਼ੀ ਦੇ ਸਕਦਾ ਹੈ ਜਿਸ ਦੀ ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ। ਪਰ ਜੇ ਤੋਹਫ਼ਾ ਲੈਣ ਵਾਲਾ ਬੇ-ਕਦਰਾ ਹੈ ਫੇਰ ਤੁਹਾਡਾ ਹਜ਼ਾਰਾਂ-ਲੱਖਾਂ ਦਾ ਤੋਹਫ਼ਾ ਵੀ ਉਸ ਨੂੰ ਖੁਸ਼ੀ ਨਹੀਂ ਦੇ ਸਕਦਾ।

**ਮਠਿਆਈਆਂ ਵਾਲੇ ਜ਼ਹਿਰ ਤੋਂ ਪ੍ਰਹੇਜ ਕਰੋ:** ਆਪਾਂ ਆਮ ਹੀ ਖਬਰਾਂ ਵਿੱਚ ਪੜ੍ਹਦੇ, ਸੁਣਦੇ ਤੇ ਦੇਖਦੇ ਹਾਂ ਕਿ ਤਿਉਹਾਰਾਂ ਦੇ ਦਿਨ੍ਹਾਂ ਵਿੱਚ ਵੱਡੇ ਮੁਨਾਫ਼ਾਖੋਰ ਵਪਾਰੀ ਪੈਸੇ ਲਈ ਮਨੁੱਖੀ ਜ਼ਿੰਦਗੀਆਂ ਨਾਲ ਖਿਲਵਾੜ ਕਰਨੋ ਵੀ ਨਹੀਂ ਟੱਲਦੇ। ਨਕਲੀ ਦੁੱਧ ਅਤੇ ਨਕਲੀ ਦੁੱਧ ਤੋਂ ਤਿਆਰ ਮਠਿਆਈਆਂ ਤਿਉਹਾਰਾਂ ਦੇ ਦਿਨ੍ਹਾਂ ਵਿੱਚ ਆਮ ਹੀ ਫੜੀਆਂ ਜਾਂਦੀਆਂ ਹਨ। ਜਿਹੜੀਆਂ ਮਠਿਆਈਆਂ ਤਿਉਹਾਰਾਂ ਤੇ ਖਾਸ ਕਰਕੇ ਦੀਵਾਲੀ ਤੇ ਅਸੀਂ ਖਰੀਦਦੇ ਹਾਂ ਉਹ ਅਸਲੀ ਹਨ ਜਾਂ ਨਕਲੀ ਇਸ ਬਾਰੇ ਸਾਨੂੰ ਨਹੀਂ ਪਤਾ ਹੁੰਦਾ। ਕਈ ਵਾਰ ਤਾਂ ਮਠਿਆਈ ਤਿਆਰ ਕਰਨ ਵਾਲੇ ਹਲਵਾਈ ਨੂੰ ਵੀ ਨਹੀਂ ਪਤਾ ਹੁੰਦਾ ਕਿ ਜਿਹੜੇ ਦੁੱਧ ਤੋਂ ਉਹ ਮਠਿਆਈ ਤਿਆਰ ਕਰ ਰਿਹਾ ਹੈ ਉਹ ਅਸਲੀ ਦੁੱਧ ਹੈ ਜਾਂ ਨਕਲੀ। ਉਸ ਨੇ ਤਾਂ ਦੁੱਧ ਖਰੀਦ ਲਿਆ, ਦੁੱਧ ਵਾਲਾ ਕਿਥੋਂ ਲੈ ਕੇ ਆਇਆ, ਉਸ ਨੂੰ ਕਿਸ ਨੇ ਦਿੱਤਾ, ਅਸਲੀ ਦਿੱਤਾ ਜਾਂ ਨਕਲੀ? ਇਹ ਚੈਨ ਅਗਾਂਹ ਦੀ ਅਗਾਂਹ ਚੱਲਦੀ ਹੈ। ਦੀਵਾਲੀ ਦੇ ਤਿਉਹਾਰ ਤੇ ਤਾਂ ਮਠਿਆਈ ਵਾਲੇ ਜਹਿਰ ਤੋਂ ਬਚਿਆ ਹੀ ਜਾਵੇ ਤਾਂ ਚੰਗੀ ਗੱਲ ਹੈ। ਮਠਿਆਈ ਦੀ ਬਜਾਏ ਮੁਰੱਬਾ, ਡਰਾਈ ਫਰੂਟ, ਸੁੱਕਾ ਪੇਠਾ, ਚੰਗੀਆਂ ਕੰਪਨੀਆਂ ਦੇ ਬਿਸਕੁੱਟ, ਫਰੂਟ ਆਦਿ ਜਿਆਦਾ ਲਾਹੇਵੰਦ ਹਨ।

**ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਓ:** ਹਰ ਸਾਲ ਦੀਵਾਲੀ ਤੇ ਕਈ ਅਣ-ਸੁਖਾਵੀਆਂ ਘਟਨਾਵਾਂ ਸੁਨਣ ਨੂੰ ਮਿਲਦੀਆਂ ਹਨ। ਹਾਦਸਾ ਕਿਸੇ ਨਾਲ ਵੀ ਵਾਪਰ ਸਕਦਾ ਹੈ ਪਰ ਬੱਚਿਆਂ ਨਾਲ ਹਾਦਸੇ ਜਿਆਦਾ ਵਾਪਰਦੇ ਹਨ ਕਿਉਂਕਿ ਇੱਕ ਤਾਂ ਪਟਾਕੇ ਵਗੈਰਾ ਚਲਾਉਣੇ ਹੀ ਬੱਚਿਆਂ ਨੇ ਹੁੰਦੇ ਹਨ। ਦੂਸਰਾ ਅਜੇ ਉਨ੍ਹਾਂ ਨੂੰ ਜਿਆਦਾ ਸਮਝ ਨਹੀਂ ਹੁੰਦੀਂ ਅਤੇ ਉਹਨਾਂ ਦੇ ਮਨ ਵਿੱਚ ਇਸ ਪ੍ਰਤੀ ਕੋਈ ਡਰ ਨਹੀਂ ਹੁੰਦਾਂ ਇਸ ਕਾਰਨ ਉਹ ਸੇਫਟੀ ਵੱਲ ਜਿਆਦਾ ਧਿਆਨ ਨਹੀਂ ਦਿੰਦੇ। ਇਸ ਲਈ ਇਹ ਵੱਡਿਆ ਦਾ ਤੇ ਮਾਪਿਆਂ ਦਾ ਫਰਜ ਹੈ ਕਿ ਉਹ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ। ਪਟਾਕੇ ਚਲਾਉਣ ਸਮੇਂ ਢਿਲੇ ਕੱਪੜੇ ਨਾ ਪਾਏ ਜਾਣ, ਰੇਸ਼ਮੀ, ਸਿਲਕ ਆਦਿ ਜਿਸ ਕੱਪੜੇ ਨੂੰ ਜਲਦੀ ਅੱਗ ਪੈਂਦੀ ਹੈ ਉਨ੍ਹਾਂ ਕੱਪੜਿਆਂ ਨੂੰ ਪਾਉਣ ਤੋਂ ਪ੍ਰਹੇਜ ਕੀਤਾ ਜਾਵੇ। ਬੱਚਿਆਂ ਨੂੰ ਚਾਹੀਦੀ ਹੈ ਕਿ ਪਟਾਕੇ ਚਲਾਉਣ ਲੱਗੇ ਉਹ ਆਪਣਾ ਮੂੰਹ ਪਟਾਕਿਆਂ ਤੋਂ ਦੂਰ ਰੱਖਣ, ਆਪਣੀਆਂ ਅੱਖਾਂ ਦਾ ਖਾਸ ਕਰਕੇ ਧਿਆਨ ਰੱਖਣ, ਕਿਸੇ ਵੀ ਤਰ੍ਹਾਂ ਦੀ ਪਟਾਸ ਜਾ ਚੰਗਿਆੜੀ ਉਨ੍ਹਾਂ ਦੀਆਂ ਅੱਖਾਂ ਦੇ ਨੇੜੇ ਵੀ ਨਾ ਪਹੁੰਚੇ। ਕੋਈ ਵੀ ਪਟਾਕਾ ਮਿਸ ਹੋ ਜਾਵੇ ਤਾਂ ਉਸ ਨੂੰ ਜਾ ਕੇ ਹੱਥ ਨਾਲ ਨਾ ਚੁੱਕੋ।

**ਸਫਾਈ ਵਿੱਚ ਖੁਦਾਈ:** ਦੀਵਾਲੀ ਦੀ ਰਾਤ ਨੂੰ ਅਸੀਂ ਜੋ ਪਟਾਕੇ ਚਲਾਉਦੇ ਹਾਂ ਉਸ ਨਾਲ ਵਾਤਾਵਰਣ ਵਿੱਚ ਪ੍ਰਦੂਸ਼ਨ ਤਾਂ ਫੈਲੇਗਾ ਹੀ, ਪਰ ਆਉ ਅਸੀਂ ਕੋਸ਼ਿਸ ਕਰੀਏ ਕਿ ਅਸੀਂ ਅਜਿਹੇ ਪਟਾਕੇ ਹੀ ਚਲਾਈਏ ਜਿਸ ਨਾਲ ਘੱਟ ਤੋਂ ਘੱਟ ਪ੍ਰਦੂਸ਼ਨ ਫੈਲੇ। ਜਿਸ ਤਰ੍ਹਾਂ ਅੱਜ ਕੱਲ੍ਹ ਪੈਰਾਸੂਟ ਚੱਲ ਰਹੇ ਹਨ ਜਿਸ ਨਾਲ ਪ੍ਰਦੂਸ਼ਨ ਘੱਟ ਫੈਲਦਾ ਹੈ ਅਤੇ ਉਹ ਅਸਮਾਨ ਵਿੱਚ ਰੋਸ਼ਨੀ ਜਿਆਦਾ ਸਮੇਂ ਲਈ ਕਰਦੇ ਹਨ। ਦੀਵਾਲੀ ਤੋਂ ਅਗਲੀ ਸਵੇਰ ਪਟਾਕਿਆਂ ਦੇ ਡੱਬੇ, ਉਨ੍ਹਾਂ ਪਲਾਸਟਿਕ ਦੇ ਲਿਫਾਫੇ, ਪਟਾਕਿਆਂ ਦੇ ਖਾਲੀ ਹੌਲ, ਅੱਧ ਜਲੀਆਂ ਮੋਮਬੱਤੀਆਂ, ਦੀਵੇ ਆਦਿ ਦਾ ਬੇਅੰਤ ਕੂੜਾ ਇਕੱਠਾ ਹੋ ਜਾਂਦਾ ਹੈ ਜੋ ਨਾਲੀਆਂ ਵਗੈਰਾ ਵਿੱਚ ਫਸ ਕੇ ਸੀਵਰੇਜ ਨੂੰ ਜਾਮ ਕਰ ਦਿੰਦਾ ਹੈ। ਇਸ ਲਈ ਇਸ ਸਭ ਨੂੰ ਇੱਕ ਥਾਂ ਇਕੱਠਾਂ ਕਰਕੇ ਕੂੜਾ ਕਰਕਟ ਇਕੱਠਾ ਕਰਨ ਵਾਲੇ ਕਰਮਚਾਰੀਆਂ ਨੂੰ ਚੁੱਕਾ ਦਿਓ। ਆਮ ਹੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਸਫਾਈ ਵਿੱਚ ਹੀ ਖੁਦਾਈ ਹੈ।

**ਮਿਲਾਪ, ਪਿਆਰ ਤੇ ਖੁਸ਼ੀਆਂ ਦੇ ਦੀਪ ਹਮੇਸ਼ਾ ਜਗਦੇ ਰਹਿਣ:** ਮੱਸਿਆ ਦੀ ਕਾਲੀ ਰਾਤ ਨੂੰ ਰੁਸ਼ਨਾਉਂਦਾ ਇਹ ਤਿਉਹਾਰ ਕੱਤਕ ਦੀ ਮੱਸਿਆ ਨੂੰ ਹੁੰਦਾ ਹੈ, ਆਮ ਤੌਰ 'ਤੇ ਇਹ ਅਕਤੂਬਰ ਦੇ ਅਖੀਰ ਜਾਂ ਨਵੰਬਰ ਦੇ ਸ਼ੁਰੂ ਵਿਚ ਆਉਂਦਾ ਹੈ। ਦੇਸ਼ ਦੇ ਕੋਨੇ-ਕੋਨੇ ਕੁਝ ਵਿਦੇਸ਼ਾਂ ਵਿੱਚ ਮਨਾਏ ਜਾਣ ਵਾਲੇ ਸਾਡੇ ਸਭ ਤੋਂ ਵੱਡੇ ਤਿਉਹਾਰ ਦੀਵਾਲੀ ਤੇ ਚਾਹੇ ਪਟਾਕਿਆਂ ਵਗੈਰਾ ਤੇ ਕਰੋੜਾਂ ਰੁਪਏ ਖਰਚ ਹੋ ਜਾਂਦੇ ਹਨ ਪਰ ਇਸ ਦੇ ਬਦਲੇ ਜੋ ਬੇਅੰਤ ਖੁਸ਼ੀ ਪ੍ਰਾਪਤ ਹੁੰਦੀ ਹੈ ਉਸ ਦਾ ਮੁੱਲ ਹੀ ਨਹੀਂ ਪਾਇਆ ਜਾ ਸਕਦਾ। ਸਮੂੰਹ ਪਾਠਕਾਂ ਦੇ ਘਰ ਮਿਲਾਪ, ਪਿਆਰ, ਖੁਸ਼ੀਆਂ, ਆਪਸੀ ਭਾਈਚਾਰਕ ਸਾਂਝ ਅਤੇ ਉੱਚੀ-ਸੁੱਚੀ ਸੋਚ ਦੇ ਦੀਪ ਹਮੇਸ਼ਾ ਜਗਦੇ ਰਹਿਣ। ਸਭ ਨੂੰ ਦੀਵਾਲੀ ਮੁਬਾਰਕ ਦੋਸਤੋ!

## ਦੱਸੋ ਦੀਵਾਲੀ ਕਿਵੇਂ ਮਨਾਈਏ



ਸਾਲ ਬਾਅਦ ਮਸਾਂ ਆਈ ਦੀਵਾਲੀ
ਖੁਸ਼ੀਆਂ ਖੇੜੇ ਲਿਆਈ ਦੀਵਾਲੀ
ਗਿਣ ਗਿਣ ਕੇ ਅਸੀਂ ਦਿਨ ਲੰਘਾਈਏ
ਦੱਸੋ ਦੀਵਾਲੀ ਕਿਵੇਂ ਮਨਾਈਏ।
ਕਹਿੰਦੇ ਬੱਚਿਓ ਪਟਾਕੇ ਨਾ ਚਲਾਓ
ਪ੍ਰਦੂਸ਼ਣ ਨੂੰ ਨਾ ਤੁਸੀਂ ਹੋਰ ਵਧਾਓ
ਦਿਲ ਦੇ ਚਾਅ ਅਸੀਂ ਕਿਵੇਂ ਪੁਗਾਈਏ
ਦੱਸੋ ਦੀਵਾਲੀ ਕਿਵੇਂ ਮਨਾਈਏ।
ਮਿਠਾਈ ਵੀ ਹੈ ਮਿਲਾਵਟ ਵਾਲੀ
ਬੀਮਾਰ ਹੋ ਜਾਊ ਜੀਹਨੇ ਖਾ'ਲੀ
ਗੱਲਾਂ ਸੁਣ ਪ੍ਰੇਸ਼ਾਨ ਹੋ ਜਾਈਏ
ਦੱਸੋ ਦੀਵਾਲੀ ਕਿਵੇਂ ਮਨਾਈਏ।



ਸਾਰੇ ਫਲ ਜ਼ਹਿਰਾਂ ਲਾ ਕੇ ਪਕਦੇ
ਰੋਗ ਲਵਾਉਣ ਉਹ ਜੋ ਨੇ ਛੱਕਦੇ
ਇਹ ਚੀਜ਼ਾਂ ਛੱਡ ਹੋਰ ਕੀ ਖਾਈਏ
ਦੱਸੋ ਦੀਵਾਲੀ ਕਿਵੇਂ ਮਨਾਈਏ।
ਬੰਦਸ਼ਾਂ 'ਚ ਸਾਡਾ ਬਚਪਨ ਬੱਝਿਆ
ਖੁੱਲ੍ਹਾ ਖਾ-ਪੀ, ਖੇਡ ਨਾ ਰੱਜਿਆ
ਪੜ੍ਹਾਈ 'ਚ ਸਾਰਾ ਦਿਨ ਲੰਘਾਈਏ
ਦੱਸੋ ਦੀਵਾਲੀ ਕਿਵੇਂ ਮਨਾਈਏ।

ਜਸਵੀਰ ਸਿੰਘ ਭਲੂਰੀਆ, ਪਿੰਡ ਤੇ ਡਾਕ. ਭਲੂਰ (ਮੋਗਾ)
ਮੋਬਾ—9915995505

YouTube YouTube/ Mehak Watan Di Live
Plz Subcribe the Channel
SUBSCRIBE Mehak Watan Di Live
Subscribe LIKE & SHARE



ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ.
ਦੇ ਸਭ ਤੋਂ ਖਾਸ ਪ੍ਰੋਗਰਾਮ
ਮਹਿਕ ਵਤਨ ਦੀ ਰੂ-ਬਰੂ
ਵਿੱਚ ਭਾਗ ਲੈਣ ਲਈ ਸੰਪਰਕ ਕਰੋ:
9988 92 9988
www.mehakwatandilive.com

ਦੇਸ਼ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸਾਧ ਸੰਗਤ ਜੀ ਨੂੰ
'ਬੰਦੀ ਛੋੜ ਦਿਵਸ' ਦੀਆਂ ਲੱਖ-ਲੱਖ ਮੁਬਾਰਕਾਂ!





ਸੱਚਖੰਡ ਵਾਸੀ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ
ਦੇ ਸਭ ਤੋਂ ਕਰੀਬੀ ਸੇਵਾਦਾਰ
ਭਾਈ ਹਰਪ੍ਰੀਤ ਸਿੰਘ 'ਡੋਨੀ' ਚੜ੍ਹਿੱਕ
ਸੰਪਰਕ: 98149-01113




ਸਮੂੰਹ ਪੰਜਾਬੀਆਂ ਨੂੰ
ਦੀਵਾਲੀ
ਦੀਆਂ ਕੋਟਿ-ਕੋਟਿ ਮੁਬਾਰਕਾਂ!
ਕੈਨੇਡਾ ਵਿੱਚ ਪੰਜਾਬ ਵਰਗਾ ਮਾਹੋਲ
Khukhrana
CULTURAL GROUP
ਇਥੇ ਵਿਆਹ ਸ਼ਾਦੀਆਂ,ਪਾਰਟੀਆਂ ਅਤੇ ਹਰ ਖੁਸ਼ੀ ਦੇ ਮੌਕੇ ਤੇ
ਜਾਗੋ ਅਤੇ ਪੰਜਾਬੀ ਕਲਚਰ ਪ੍ਰੋਗਰਾਮਾਂ ਲਈ ਸੰਪਰਕ ਕਰੋ
Prop. Gursewak Singh Khukhrana
Contact: 778-241-2148

# ਦੇਸ਼ ਵਿਦੇਸ਼ਾਂ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ ਖੁਸ਼ੀਆਂ ਦੇ ਤਿਉਹਾਰ 'ਦੀਵਾਲੀ' ਦੀਆਂ ਲੱਖ-ਲੱਖ ਮੁਬਾਰਕਾਂ !



ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ
ਚੈਰੀਟੇਬਲ ਟਰੱਸਟ (ਰਜਿ.)

ਮੀਡੀਆਂ ਸਪੋਸਰ
International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ

SARBAT DA BHALA ਸਰਬੱਤ ਦਾ ਭਲਾ

## ਵੱਲੋਂ: ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਜ਼ਿਲ੍ਹਾ ਮੋਗਾ

---




## ਦੇਸ਼ ਵਿਦੇਸ਼ਾਂ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ 'ਦੀਵਾਲੀ' ਦੀ ਲੱਖ-ਲੱਖ ਵਧਾਈ ਅਤੇ ਮਹਿਕ ਵਤਨ ਦੀ ਲਈਵ ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਨੂੰ ਦੀਵਾਲੀ ਵਿਸ਼ੇਸ਼ ਸਪਲੀਮੈਂਟ ਪ੍ਰਕਾਸਿਤ ਕਰਨ ਤੇ ਲੱਖ-ਲੱਖ ਮੁਬਾਰਕਾਂ !






ਸ. ਬਲਜੀਤ ਸਿੰਘ ਚਾਨੀ
ਚੇਅਰਮੈਨ: ਕਾਰਪੋਰੇਸ਼ਨ ਮੋਗਾ


ਅਰਵਿੰਦਰ ਸਿੰਘ ਕਾਨਪੁਰੀਆ
ਕੌਸਲਰ: ਵਾਰਡ ਨੰਬਰ 6


ਸ. ਹਰਜਿੰਦਰ ਸਿੰਘ ਚੁਗਾਵਾਂ
ਚੇਅਰਮੈਨ: ਸਰਬੱਤ ਦਾ ਭਲਾ ਟਰੱਸਟ


ਰਣਜੀਤ ਸਿੰਘ ਧਾਲੀਵਾਲ
ਜ਼ਿਲ੍ਹਾ ਪ੍ਰਧਾਨ: ਸ.ਦਾ.ਭ. ਟਰੱਸਟ,


ਹਰਭਿੰਦਰ ਸਿੰਘ ਜਾਨੀਆ
ਜ਼ਿਲ੍ਹਾ ਪ੍ਰਧਾਨ: ਰੂਰਲ ਐਨ.ਜੀ.ਓ. ਮੋਗਾ,


ਗੋਕਲ ਚੰਦ ਬੁੱਘੀਪੁਰਾ
ਖਜਾਨਚੀ: ਸਰਬੱਤ ਦਾ ਭਲਾ


ਗੁਰਸੇਵਕ ਸਿੰਘ ਸੰਨਿਆਸੀ
ਚੇਅਰਮੈਨ: ਸਮਾਜ ਸੇਵਾ ਸੁਸਾਇਟੀ


ਜਗਤਾਰ ਜਾਨੀਆ ਬਲਾਕ ਪ੍ਰਧਾਨ
ਰੂਰਲ ਐਨ.ਜੀ.ਓ. ਧਰਮਕੋਟ


ਸੁਖਦੇਵ ਸਿੰਘ ਬਰਾੜ
ਪ੍ਰਧਾਨ: ਐਨ.ਜੀ.ਓ. ਸਿਟੀ ਯੂਨਿਟ


ਗੁਰਨਾਮ ਸਿੰਘ ਲਵਲੀ ਪ੍ਰਧਾਨ
ਭਾਈ ਘਨੱਈਆ ਜੀ ਬਲੱਡ ਡੋਨਰਜ


ਦਵਿੰਦਰਜੀਤ ਸਿੰਘ ਗਿੱਲ
ਚੇਅਰਮੈਨ: ਰੂਰਲ ਐਨ.ਜੀ.ਓ. ਮੋਗਾ


ਰਾਮ ਸਿੰਘ ਜਾਨੀਆ
ਜੱਥੇ. ਸਕੱਤਰ: ਰੂਰਲ ਐਨ.ਜੀ.ਓ. ਮੋਗਾ


ਦਰਸ਼ਨ ਸਿੰਘ ਲੋਪੋ
ਟਰੱਸਟੀ ਮੈਂਬਰ


ਡਾ. ਰਵੀ ਨੰਦਨ ਸ਼ਰਮਾ
ਪ੍ਰਧਾਨ: ਸਮਾਜ ਸੇਵਾ ਸੋਸਾਇਟੀ, ਮੋਗਾ


ਰਾਜਵਿੰਦਰ ਰੌਤਾਂ
ਲੇਖਕ, ਪੱਤਰਕਾਰ ਤੇ ਅਦਾਕਾਰ


ਸੁਖਜੀਤ ਸਿੰਘ ਵਾਲੀਆ (ਜਲੰਧਰ)
ਇੰਚਾਰਜ: ਪ੍ਰੇਟਿੰਗ ਵਿਭਾਗ ਮਵਦੀਲਾ


ਜਗਤਾਰ ਸਿੰਘ ਪਰਮਿਲ
ਪੱਤਰਕਾਰ ਤੇ ਮੈਰਿਜ ਸਲਾਹਕਾਰ


ਇਕਬਾਲ ਸਿੰਘ ਖੋਸਾ
ਸਹਿ ਸੰਪਾਦਕ: ਮਵਦੀਲਾ ਬਿਓਰੋ


ਮਨਿੰਦਰ ਮੋਗਾ (ਫਿਲਮ ਕਲਾਕਾਰ)
ਇਚਾ. ਮਹਿਕ ਵਤਨ ਦੀ ਲਾਈਵ ਟੀ.ਵੀ.


ਗੁਰਸੇਵਕ ਸਿੰਘ ਕੈਨੇਡਾ
ਪ੍ਰਤੀਨਿਧ: ਮਵਦੀਲਾ ਬਿਓਰੋ


ਸਿਮਰਜੀਤ ਸਿੰਘ ਲਹੋਰੀਆ
ਇੰਚਾ. ਮਵਦੀਲਾ ਆਨਲਾਈਨ ਅਖਬਾਰ


ਗੁਰਮੇਲ ਸਿੰਘ ਬੌਡੇ ਸਾਹਿਤਕਾਰ
ਸਲਾਹਕਾਰ: ਮਵਦੀਲਾ ਬਿਓਰੋ


ਕੁਲਵਿੰਦਰ ਸਿੰਘ ਤਾਰੇਵਾਲਾ
ਸਿਆਸੀ ਸਲਾਹਕਾਰ: ਮਵਦੀਲਾ ਬਿਓਰੋ


ਹਰਜਿੰਦਰ ਸਿੰਘ ਬੱਡੂਵਾਲੀਆ
ਧਾਰਮਿਕ ਪ੍ਰਤੀਨਿਧ: ਮਵਦੀਲਾ ਬਿਓਰੋ

# ਮਹਿਕ ਵਤਨ ਦੀ ਲਾਈਵ ਬਿਓਰੋ ਅਤੇ ਮਹਿਕ ਵਤਨ ਦੀ ਲਾਈਵ ਪ੍ਰਡਕਸ਼ਨ ਵੱਲੋਂ ਸਮੂੰਹ ਦਰਸ਼ਕਾਂ ਤੇ ਪਾਠਕਾਂ ਨੂੰ ਖੁਸ਼ੀਆਂ ਤੇ ਚਾਵਾਂ ਦੇ ਤਿਉਹਾਰ ਦੀਵਾਲੀ ਦੀਆਂ ਲੱਖ-ਲੱਖ ਮੁਬਾਰਕਾਂ!



# happy diwali

ਸਾਡੇ ਪ੍ਰੋਗਰਾਮ ਵੇਖਣ ਲਈ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ.

**Mehak Watan Di Live Web TV ਨੂੰ ਸਬਸਕ੍ਰਾਈਬ Subscribe ਕਰੋ ਜੀ!**




Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016